ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸ਼ਨੀਵਾਰ, 23 ਮਈ 2026 (ਨਾਨਕਸ਼ਾਹੀ ਸੰਮਤ : ੫੫੮, ੯ ਜੇਠ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243





## 'ਆਪ' ਦੇ ਧੋਖਾਧੜੀ 'ਚ ਦੋਸ਼ੀ ਉਮੀਦਵਾਰ ਦੀ ਹੀ ਮਨਜ਼ੂਰ ਕਰ ਲਈ ਨਾਮਜ਼ਦਗੀ, ਹਾਈਕੋਰਟ ਨੇ ਸਮਰਾਲਾ ਐਸ. ਡੀ. ਐਮ. ਨੂੰ ਕੀਤਾ ਤਲਬ

**ਸਮਰਾਲਾ, 22 ਮਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ 'ਚ ਨਿਗਮ ਚੋਣਾਂ 'ਚ ਕਿਵੇਂ ਧਾਂਦਲੀ ਕੀਤੀ ਜਾ ਰਹੀ ਹੈ, ਇਸ ਦੀ ਇੱਕ ਜਿਊਂਦੀ ਜਾਗਦੀ ਉਦਾਹਰਨ ਸਮਰਾਲਾ ਤੋਂ ਸਾਹਮਣੇ ਆਈ ਹੈ, ਜਿਥੇ ਰਿਟਰਨਿੰਗ ਅਫਸਰ ਕਮ ਐਸਡੀਐਮ ਵੱਲੋਂ ਧੋਖਾਧੜੀ 'ਚ ਦੋਸ਼ੀ ਦਿੱਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੇ ਨਾਮਜ਼ਦਗੀ ਪੱਤਰ ਮਨਜ਼ੂਰ ਕਰ ਲਏ ਗਏ। ਹੁਣ ਇਹ ਮਾਮਲਾ ਹਾਈਕੋਰਟ ਪਹੁੰਚਿਆ ਹੈ, ਜਿਸ 'ਤੇ ਅਦਾਲਤ ਨੇ ਐਸਡੀਐਮ ਨੂੰ ਤਲਬ ਕੀਤਾ ਹੈ ਅਤੇ ਮਾਮਲੇ 'ਚ ਜਵਾਬ ਮੰਗਿਆ ਹੈ।ਹਾਈਕੋਰਟ ਨੇ ਸਮਰਾਲਾ ਨਗਰ ਕੌਂਸਲ ਦੀ ਚੋਣ 'ਚ 'ਆਪ' ਉਮੀਦਵਾਰ ਸਤਵੀਰ ਸਿੰਘ ਸੇਖੋਂ ਦੀ ਨਾਮਜ਼ਦਗੀ 'ਤੇ ਸਵਾਲ ਚੁੱਕੇ ਹਨ।ਹਾਈਕੋਰਟ ਨੇ ਪੁੱਛਿਆ ਕਿ ਸਤਵੀਰ ਸਿੰਘ ਸੇਖੋਂ ਨੂੰ ਜਦੋਂ ਹਾਈਕੋਰਟ ਨੇ ਨਾਮਜ਼ਦਗੀ ਭਰਨ ਦੀ ਮਨਜ਼ੂਰੀ ਨਹੀਂ ਦਿੱਤੀਤਾਂ ਫਿਰ ਐਸਡੀਐਮ ਕਮ ਰਿਟਰਨਿੰਗ ਅਧਿਕਾਰੀ ਨੇ ਕਿਵੇਂ ਉਸ ਦੀ ਨਾਮਜ਼ਗੀ ਸਵੀਕਾਰ ਕਰ ਲਈ। ਦੱਸ ਦਈਏ ਕਿ ਸਤਵੀਰ ਸਿੰਘ ਨੂੰ 2022 ਵਿੱਚ ਇੱਕ ਧੋਖਾਧੜੀ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ। ਪਿਛਲੇ ਹਫ਼ਤੇ 15 ਮਈ ਨੂੰ ਹੀ ਹਾਈ ਕੋਰਟ ਨੇ ਉਸ ਨੂੰ ਚੋਣਾਂ ਲੜਨ ਲਈ ਉਸ ਦੀ ਸਜ਼ਾ ਨੂੰ ਮੁਅੱਤਲ ਕਰਨ ਦੀ ਮੰਗ ਕਰਨ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ।ਪਰੰਤੂ ਸੋਮਵਾਰ ਨੂੰ ਇਸ ਘਟਨਾਕ੍ਰਮ ਤੋਂ ਜਾਣੂ ਹੋਣ ਦੇ ਬਾਵਜੂਦ, ਐਸਡੀਐਮ-ਕਮ-ਰਿਟਰਨਿੰਗ ਅਫਸਰ ਨੇ ਅਗਲੇ ਹੀ ਦਿਨ 'ਆਪ' ਉਮੀਦਵਾਰ ਦੀ ਨਾਮਜ਼ਦਗੀ ਸਵੀਕਾਰ ਕਰ ਲਈ।

## ਨਸ਼ਿਆਂ ਤੋਂ ਬਾਅਦ ਹੁਣ

# ਬਿਮਾਰੀਆਂ ਨੇ ਘੇਰਿਆ ਪੰਜਾਬ !

**ਚੰਡੀਗੜ੍ਹ, 22 ਮਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਿਚ ਟਿਊਬਰਕੁਲੋਸਿਸ (ਟੀ. ਬੀ.) ਦੇ ਮਾਮਲੇ ਲਗਾਤਾਰ ਵੱਧ ਰਹੇ ਹਨ, ਜਿਸ ਕਾਰਨ ਸਿਹਤ ਵਿਭਾਗ ਦੀ ਚਿੰਤਾ ਵੀ ਵਧ ਗਈ ਹੈ। ਸੂਬੇ ਵਿਚ ਇਸ ਸਮੇਂ ਕੁੱਲ 60,744 ਨਵੇਂ ਟੀ. ਬੀ. ਮਰੀਜ਼ ਦਰਜ ਕੀਤੇ ਗਏ ਹਨ। ਪਿਛਲੇ ਪੰਜ ਸਾਲਾਂ ਦੌਰਾਨ ਟੀ. ਬੀ. ਦੇ ਕੇਸਾਂ ਵਿਚ ਲੱਗਭਗ 22 ਫੀਸਦੀ ਵਾਧਾ ਦਰਜ ਹੋਇਆ ਹੈ, ਜਿਸ ਤੋਂ ਸਾਫ਼ ਹੈ ਕਿ ਇਹ ਬੀਮਾਰੀ ਘਟਣ ਦੀ ਬਜਾਏ ਤੇਜ਼ੀ ਨਾਲ ਫੈਲ ਰਹੀ ਹੈ।ਅੰਕੜਿਆਂ ਅਨੁਸਾਰ ਸਾਲ 2021 ਵਿਚ 50,142, 2022 ਵਿਚ 55,150, 2023 ਵਿਚ 55,224, 2024 ਵਿਚ 59,020 ਅਤੇ 2025 ਵਿਚ 61,360 ਮਰੀਜ਼ ਸਾਹਮਣੇ ਆਏ ਹਨ। ਸਿਹਤ ਮਾਹਿਰਾਂ ਦਾ ਮੰਨਣਾ ਹੈ ਕਿ ਘਣੀ ਅਬਾਦੀ, ਪੋਸ਼ਣ ਦੀ ਕਮੀ, ਗਰੀਬੀ ਅਤੇ ਸਮੇਂ ਸਿਰ ਇਲਾਜ ਨਾ ਕਰਵਾਉਣਾ ਇਸ ਬਿਮਾਰੀ ਦੇ ਵਧਣ ਦੇ ਮੁੱਖ ਕਾਰਨ ਹਨ। ਜ਼ਿਲਾਵਾਰ ਅੰਕੜਿਆਂ ਵਿਚ ਲੁਧਿਆਣਾ 13,106 ਕੇਸਾਂ ਨਾਲ ਪਹਿਲੇ ਨੰਬਰ 'ਤੇ ਹੈ, ਜਦਕਿ ਅੰਮ੍ਰਿਤਸਰ



4,325 ਕੇਸਾਂ ਨਾਲ ਦੂਜੇ ਨੰਬਰ 'ਤੇ ਹੈ। ਇਸ ਤੋਂ ਬਾਅਦ ਜਲੰਧਰ ਵਿਚ 3,164 ਅਤੇ ਪਟਿਆਲਾ ਵਿਚ 3,027 ਕੇਸ ਦਰਜ ਕੀਤੇ ਗਏ ਹਨ। ਅੰਮ੍ਰਿਤਸਰ ਦੀ ਜ਼ਮੀਨੀ ਹਕੀਕਤ ਹੋਰ ਵੀ ਗੰਭੀਰ ਮੰਨੀ ਜਾ ਰਹੀ ਹੈ, ਕਿਉਂਕਿ ਇੱਥੇ ਹਰ ਸਾਲ 5,000 ਤੋਂ 7,000 ਨਵੇਂ ਮਰੀਜ਼ ਸਾਹਮਣੇ ਆ ਰਹੇ ਹਨ ਅਤੇ ਕਰੀਬ 100 ਲੋਕਾਂ ਦੀ ਮੌਤ ਵੀ ਦਰਜ ਕੀਤੀ ਜਾ ਰਹੀ ਹੈ। ਹਰ ਰੋਜ਼ 165 ਨਵੇਂ ਮਰੀਜ਼ : ਸਿਹਤ ਵਿਭਾਗ ਦੇ ਅਨੁਸਾਰ ਪੰਜਾਬ ਵਿਚ ਹਰ ਰੋਜ਼ ਔਸਤਨ 165 ਨਵੇਂ ਟੀ. ਬੀ. ਮਰੀਜ਼ ਸਾਹਮਣੇ ਆ ਰਹੇ ਹਨ। ਇਹ ਦਰਸਾਉਂਦਾ ਹੈ ਕਿ ਟੀ. ਬੀ. ਰੋਕਥਾਮ ਲਈ ਚੱਲ ਰਹੀਆਂ ਮੁਹਿੰਮਾਂ ਵਿਚ ਹੋਰ ਤੇਜ਼ੀ ਅਤੇ ਜਾਗਰੂਕਤਾ ਦੀ ਲੋੜ ਹੈ। ਟੀ. ਬੀ. ਇਕ ਸੰਕਰਾਮਕ ਬਿਮਾਰੀ ਹੈ ਜੋ ਮੁੱਖ ਤੌਰ 'ਤੇ ਫੇਫੜਿਆਂ ਨੂੰ ਪ੍ਰਭਾਵਿਤ ਕਰਦੀ ਹੈ। ਦੋ ਹਫ਼ਤਿਆਂ ਤੋਂ ਵੱਧ ਖੰਘ ਰਹਿਣਾ, ਬੁਖਾਰ, ਰਾਤ ਨੂੰ ਪਸੀਨਾ ਆਉਣਾ, ਵਜ਼ਨ ਘਟਣਾ, ਛਾਤੀ ਵਿਚ ਦਰਦ ਅਤੇ ਖੰਘ ਵਿਚ ਖ਼ੂਨ ਆਉਣਾ ਇਸ ਦੇ ਮੁੱਖ ਲੱਛਣ ਮੰਨੇ ਜਾਂਦੇ ਹਨ। ਸਰਕਾਰੀ ਟੀ. ਬੀ. ਹਸਪਤਾਲ ਦੇ ਡਾਕਟਰ ਵਿਸ਼ਾਲ ਵਰਮਾ ਨੇ ਦੱਸਿਆ ਕਿ ਟੀ. ਬੀ. ਦਾ ਇਲਾਜ ਪੂਰੀ ਤਰ੍ਹਾਂ ਮੁਫ਼ਤ ਅਤੇ ਸੰਭਵ ਹੈ, ਪਰ ਕਈ ਲੋਕ ਦਵਾਈ ਅਧੂਰੀ ਛੱਡ ਦਿੰਦੇ ਹਨ, ਜਿਸ ਕਾਰਨ ਬੀਮਾਰੀ ਹੋਰ ਵਧਦੀ ਹੈ।

## ਪੰਜਾਬੀ ਗਾਇਕਾ ਇੰਦਰ ਕੌਰ ਦੀ ਪੋਸਟਮਾਰਟਮ ਰਿਪੋਰਟ 'ਚ ਹੋਏ ਸਨਸਨੀਖੇਜ਼ ਖ਼ੁਲਾਸੇ



**ਚੰਡੀਗੜ੍ਹ, ਲੁਧਿਆਣਾ, 22 ਮਈ (ਆਵਾਜ਼ਿ ਕੌਮ ਬਿਊਰੋ)**-ਪੰਜਾਬੀ ਗਾਇਕਾ ਇੰਦਰ ਕੌਰ ਕਤਲ ਕਾਂਡ ਵਿਚ ਵੱਡਾ ਖੁਲਾਸੇ ਹੋਏ ਹਨ। ਡਾਕਟਰਾਂ ਦੇ ਵਿਸ਼ੇਸ਼ ਬੋਰਡ ਵੱਲੋਂ ਕੀਤੇ ਗਏ ਪੋਸਟਮਾਰਟਮ ਤੋਂ ਬਾਅਦ ਇਹ ਸਾਫ਼ ਹੋ ਗਿਆ ਹੈ ਕਿ ਗਾਇਕਾ ਦਾ ਕਤਲ ਬਹੁਤ ਬੇਰਹਿਮੀ ਨਾਲ ਕੀਤਾ ਗਿਆ ਸੀ। ਪੋਸਟਮਾਰਟਮ ਰਿਪੋਰਟ ਦੇ ਅਨੁਸਾਰ, ਇੰਦਰ ਕੌਰ ਨੂੰ ਬਹੁਤ ਨੇੜਿਓਂ ਦੋ ਗੋਲੀਆਂ ਮਾਰੀਆਂ ਗਈਆਂ ਸਨ। ਇਨ੍ਹਾਂ ਵਿਚੋਂ ਇਕ ਗੋਲੀ ਉਨ੍ਹਾਂ ਦੀ ਛਾਤੀ ਦੇ ਸੱਜੇ ਪਾਸੇ ਲੱਗੀ ਜੋ ਸਰੀਰ ਦੇ ਆਰ-ਪਾਰ ਨਿਕਲ ਗਈ, ਜਦਕਿ ਦੂਜੀ ਗੋਲੀ ਉਨ੍ਹਾਂ ਦੇ ਮੱਥੇ ਵਿਚ ਹੀ ਫਸੀ ਹੋਈ ਮਿਲੀ। ਇਸ ਖੁਲਾਸੇ ਤੋਂ ਬਾਅਦ ਪੁਲਸ ਨੇ ਕਾਤਲਾਂ ਨੂੰ ਫੜਨ ਲਈ ਆਪਣੀ ਜਾਂਚ ਦਾ ਦਾਇਰਾ ਹੋਰ ਤੇਜ਼ ਕਰ ਦਿੱਤਾ ਹੈ। ਸਿੰਗਰ ਇੰਦਰ ਕੌਰ ਦੀ ਮ੍ਰਿਤਕ ਦੇਹ ਦਾ ਪੋਸਟਮਾਰਟਮ ਲੁਧਿਆਣਾ ਦੇ ਸਿਵਲ ਹਸਪਤਾਲ ਵਿਚ ਡਾਕਟਰਾਂ ਦੇ ਇਕ ਵਿਸ਼ੇਸ਼ ਬੋਰਡ (ਮੈਡੀਕਲ ਪੈਨਲ) ਵੱਲੋਂ ਕੀਤਾ ਗਿਆ। ਇਸ ਬੋਰਡ ਵਿੱਚ ਫੋਰੈਂਸਿਕ ਮਾਹਰ ਡਾ. ਕਰਨ, ਡਾਕਟਰ ਵਿਸ਼ਾਲ ਚੋਪੜਾ ਅਤੇ ਡਾਕਟਰ ਮਨਦੀਪ ਨੂੰ ਵਿਸ਼ੇਸ਼ ਤੌਰ 'ਤੇ ਸ਼ਾਮਲ ਕੀਤਾ ਗਿਆ ਸੀ। ਡਾਕਟਰਾਂ ਦੀ ਇਸ ਟੀਮ ਨੇ ਡੂੰਘਾਈ ਨਾਲ ਜਾਂਚ ਕਰਨ ਤੋਂ ਬਾਅਦ ਆਪਣੀ ਰਿਪੋਰਟ ਸੌਂਪੀ, ਜਿਸ ਨੇ ਇਸ ਪੂਰੀ ਵਾਰਦਾਤ ਦੀ ਗੰਭੀਰਤਾ ਅਤੇ ਬੇਰਹਿਮੀ ਨੂੰ ਉਜਾਗਰ ਕਰ ਦਿੱਤਾ ਹੈ। ਦੂਜੇ ਪਾਸੇ, ਪੋਸਟਮਾਰਟਮ ਦੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਸਿੰਗਰ ਇੰਦਰ ਕੌਰ ਦੀ ਦੇਹ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤੀ ਗਈ, ਜਿਸ ਤੋਂ ਬਾਅਦ ਲੁਧਿਆਣਾ ਵਿਚ ਹੀ ਗਮਗੀਨ ਮਾਹੌਲ ਵਿਚ ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਅੰਤਿਮ ਵਿਦਾਈ ਦੌਰਾਨ ਸ਼ਮਸ਼ਾਨਘਾਟ ਵਿਚ ਮੌਜੂਦ ਹਰ ਸ਼ਖਸ ਦੀ ਅੱਖ ਨਮ ਸੀ। ਇੰਦਰ ਕੌਰ ਦੇ ਅਚਾਨਕ ਹੋਏ ਇਸ ਕਤਲ ਕਾਰਨ ਪੂਰਾ ਪਰਿਵਾਰ ਡੂੰਘੇ ਸਦਮੇ ਵਿਚ ਹੈ। ਅੰਤਿਮ ਸੰਸਕਾਰ ਵੇਲੇ ਉਨ੍ਹਾਂ ਦੀ ਨਾਨੀ ਆਪਣੀ ਸੁਧ-ਬੁਧ ਖੋ ਬੈਠੀ ਅਤੇ ਰੋ-ਰੋ ਕੇ ਬੇਹੋਸ਼ ਹੋ ਗਈ, ਜਦਕਿ ਪਰਿਵਾਰ ਦੇ ਹੋਰ ਮੈਂਬਰਾਂ ਦਾ ਵੀ ਰੋ-ਰੋ ਕੇ ਬੁਰਾ ਹਾਲ ਸੀ। ਫਿਲਹਾਲ ਪੁਲਸ ਇਸ ਹਾਈ-ਪ੍ਰੋਫਾਈਲ ਮਰਡਰ ਕੇਸ ਦੀ ਗੁੱਥੀ ਸੁਲਝਾਉਣ ਲਈ ਹਰ ਸ਼ੱਕੀ ਪਹਿਲੂ 'ਤੇ ਕੰਮ ਕਰ ਰਹੀ ਹੈ।

## ਮਰਹੂਮ ਸਿੱਧੂ ਮੂਸੇਵਾਲਾ ਦੇ ਸਾਬਕਾ ਮੈਨੇਜਰ ਦੇ ਮਾਤਾ-ਪਿਤਾ ਗ੍ਰਿ.ਫਤਾਰ, ਖੰਨਾ ਫਾਇਰਿੰਗ ਮਾਮਲੇ 'ਚ ਪੁਲਿਸ ਨੇ ਕੀਤਾ ਨਾਮਜ਼ਦ



**ਚੰਡੀਗੜ੍ਹ, 22 ਮਈ (ਆਵਾਜ਼ਿ ਕੌਮ ਬਿਊਰੋ)**-ਖੰਨਾ ਪੁਲਿਸ ਨੇ 1 ਮਈ ਨੂੰ ਪ੍ਰੇਮ ਵੈਸ਼ਨੋ ਢਾਬੇ 'ਤੇ ਹੋਈ ਗੋਲੀਬਾਰੀ ਦੀ ਘਟਨਾ ਅਤੇ ਜਬਰਦਸਤੀ ਦੇ ਮਾਮਲੇ ਦੇ ਸਬੰਧ ਵਿੱਚ ਮਹੱਤਵਪੂਰਨ ਕਾਰਵਾਈ ਕੀਤੀ ਹੈ। ਦੇਰ ਰਾਤ, ਪੁਲਿਸ ਨੇ ਸ਼ਗਨਪ੍ਰੀਤ ਸਿੰਘ - ਜੋ ਕਿ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਸਾਬਕਾ ਮੈਨੇਜਰ ਹਨ - ਦੇ ਮਾਪਿਆਂ ਨੂੰ ਗ੍ਰਿਫਤਾਰ ਕਰ ਲਿਆ, ਜੋ ਇਸ ਸਮੇਂ ਆਸਟ੍ਰੇਲੀਆ ਵਿੱਚ ਰਹਿੰਦੇ ਹਨ। ਸ਼ਗਨਪ੍ਰੀਤ ਦੇ ਪਿਤਾ, ਸੌਦਾਗਰ ਸਿੰਘ ਅਤੇ ਮਾਂ, ਦਲਜੀਤ ਕੌਰ ਨੂੰ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਉਨ੍ਹਾਂ ਦੇ ਜੱਦੀ ਪਿੰਡ ਚੜ੍ਹੀ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।ਦੋਵਾਂ ਨੂੰ ਇਸ ਮਾਮਲੇ ਵਿੱਚ ਸਾਜ਼ਿਸ਼ਕਰਤਾ ਵਜੋਂ ਨਾਮਜ਼ਦ ਕੀਤਾ ਗਿਆ ਹੈ। ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਸਾਬਕਾ ਮੈਨੇਜਰ ਸ਼ਗਨਪ੍ਰੀਤ ਸਿੰਘ ਲੰਬੇ ਸਮੇਂ ਤੋਂ ਵਿਦੇਸ਼ ਰਹਿ ਰਿਹਾ ਹੈ। ਪੁਲਿਸ ਅਨੁਸਾਰ, ਉਸਦੇ ਮਾਪੇ ਲਗਾਤਾਰ ਉਸਦੇ ਸੰਪਰਕ ਵਿੱਚ ਸਨ। ਉਹ ਅਪਰਾਧ ਨੂੰ ਅੰਜਾਮ ਦੇਣ ਵਾਲੇ ਦੋਸ਼ੀ ਵਿਅਕਤੀਆਂ ਦੇ ਨਾਲ-ਨਾਲ ਉਨ੍ਹਾਂ ਦੇ ਸਾਥੀਆਂ ਨਾਲ ਵੀ ਸੰਪਰਕ ਬਣਾ ਕੇ ਰੱਖ ਰਹੇ ਸਨ। ਜ਼ਿਕਰਯੋਗ ਹੈ ਕਿ ਸ਼ਗਨਪ੍ਰੀਤ ਸਿੰਘ ਦੇ ਮਾਪਿਆਂ ਦੇ ਨਾਮ ਪਹਿਲਾਂ ਖੰਨਾ ਦੇ ਪਾਇਲ ਅਤੇ ਦੋਰਾਹਾ ਇਲਾਕਿਆਂ ਵਿੱਚ ਵਾਪਰੀਆਂ ਗੋਲੀਬਾਰੀ ਦੀਆਂ ਘਟਨਾਵਾਂ ਦੇ ਸੰਬੰਧ ਵਿੱਚ ਸਾਹਮਣੇ ਆਏ ਸਨ।ਪੁਲਿਸ ਨੇ ਉਨ੍ਹਾਂ ਦੋਵਾਂ ਨੂੰ ਉਨ੍ਹਾਂ ਮਾਮਲਿਆਂ ਵਿੱਚ ਵੀ ਦੋਸ਼ੀ ਬਣਾਇਆ ਸੀ। ਆਪਣੀ ਪਿਛਲੀ ਗ੍ਰਿਫਤਾਰੀ ਤੋਂ ਬਾਅਦ, ਸੌਦਾਗਰ ਸਿੰਘ ਨੇ ਅਦਾਲਤ ਤੋਂ ਜ਼ਮਾਨਤ ਪ੍ਰਾਪਤ ਕਰ ਲਈ ਸੀ, ਜਦੋਂ ਕਿ ਦਲਜੀਤ ਕੌਰ ਵੀ ਜ਼ਮਾਨਤ 'ਤੇ ਬਾਹਰ ਸੀ। ਹੁਣ, ਉਨ੍ਹਾਂ ਨੂੰ ਇੱਕ ਵਾਰ ਫਿਰ ਪ੍ਰੇਮ ਵੈਸ਼ਨੋ ਢਾਬਾ ਗੋਲੀਬਾਰੀ ਅਤੇ ਜਬਰਨ ਵਸੂਲੀ ਦੇ ਮਾਮਲੇ ਵਿੱਚ ਨਾਮਜ਼ਦ ਕੀਤਾ ਗਿਆ ਹੈ ਅਤੇ ਬਾਅਦ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ।

## ਗੁਆਏ ਮਾਪੇ ਤੇ ਲੱਗੀਆਂ 13 ਗੋਲੀਆਂ…, ਹੁਣ ਪੰਜਾਬਣ ਨੇ ਕੈਨੇਡਾ ਪੁਲਸ 'ਤੇ ਠੋਕਿਆ 558 ਕਰੋੜ ਦਾ ਮੁਕੱਦਮਾ




**ਓਨਟਾਰੀਓ (ਕੈਨੇਡਾ), 22 ਮਈ (ਆਵਾਜ਼ਿ ਕੌਮ ਬਿਊਰੋ)**-ਕੈਨੇਡਾ 'ਚ ਰਹਿ ਰਹੀ ਇੱਕ ਪੰਜਾਬੀ ਮੁਟਿਆਰ ਜਸਪ੍ਰੀਤ ਕੌਰ ਸਿੱਧੂ (31) ਨੇ ਕੈਨੇਡਾ ਪੁਲਸ ਵਿਰੁੱਧ ਲਾਪਰਵਾਹੀ ਦਾ ਇਲਜ਼ਾਮ ਲਗਾਉਂਦੇ ਹੋਏ 558 ਕਰੋੜ ਰੁਪਏ ਦੇ ਹਰਜਾਨੇ ਦਾ ਕੇਸ ਦਾਇਰ ਕੀਤਾ ਹੈ। ਜਸਪ੍ਰੀਤ ਦਾ ਇਲਜ਼ਾਮ ਹੈ ਕਿ ਪੁਲਸ ਦੀ ਅਣਗਹਿਲੀ ਕਾਰਨ ਉਸ ਦੇ ਮਾਪਿਆਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਅਤੇ ਉਹ ਖ਼ੁਦ ਵੀ ਮੌਤ ਦੇ ਮੂੰਹੋਂ ਵਾਪਸ ਆਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ, ਜਸਪ੍ਰੀਤ ਦੇ ਮਾਪੇ ਹਰਭਜਨ ਕੌਰ ਸਿੱਧੂ ਅਤੇ ਜਗਤਾਰ ਸਿੰਘ ਸਿੱਧੂ 3 ਸਾਲ ਪਹਿਲਾਂ ਅੰਮ੍ਰਿਤਸਰ ਤੋਂ ਉਸ ਨੂੰ ਅਤੇ ਉਸ ਦੇ ਭਰਾ ਗੁਰਦਿੱਤ ਸਿੱਧੂ (29) ਨੂੰ ਮਿਲਣ ਲਈ ਓਨਟਾਰੀਓ ਆਏ ਸਨ। 20 ਨਵੰਬਰ 2023 ਨੂੰ, ਜਿਸ ਘਰ ਵਿੱਚ ਉਹ ਠਹਿਰੇ ਹੋਏ ਸਨ, ਉੱਥੇ ਕੁਝ ਹਮਲਾਵਰ 'ਬੌਬੀ' ਨਾਮ ਦੇ ਇੱਕ ਵਿਅਕਤੀ ਦੀ ਭਾਲ ਵਿੱਚ ਆਏ ਅਤੇ ਉਨ੍ਹਾਂ ਨੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ, ਜਿਸ ਵਿੱਚ ਜਸਪ੍ਰੀਤ ਦੇ ਮਾਪਿਆਂ ਦੀ ਮੌਤ ਹੋ ਗਈ। ਇਸ ਹਮਲੇ ਦੌਰਾਨ ਹਮਲਾਵਰਾਂ ਨੇ ਜਸਪ੍ਰੀਤ ਨੂੰ ਵੀ 13 ਗੋਲੀਆਂ ਮਾਰੀਆਂ। ਇਹ ਗੋਲੀਆਂ ਉਸ ਦੇ ਮੋਢਿਆਂ ਤੋਂ ਲੈ ਕੇ ਪੈਰਾਂ ਤੱਕ ਅਤੇ ਗਲੇ ਤੇ ਪੇਟ 'ਚ ਵੀ ਲੱਗੀਆਂ ਸਨ। ਇੱਕ ਗੋਲੀ ਉਸ ਦੀ ਰੀੜ੍ਹ ਦੀ ਹੱਡੀ ਦੇ ਨੇੜੇ ਫਸੀ ਹੋਈ ਹੈ। ਉਸ ਦਾ 18 ਘੰਟੇ ਲੰਬਾ ਆਪ੍ਰੇਸ਼ਨ ਹੋਇਆ ਅਤੇ ਉਹ ਮਹੀਨਿਆਂ ਤੱਕ ਹਸਪਤਾਲ ਵਿੱਚ ਜ਼ੇਰੇ ਇਲਾਜ ਰਹੀ। ਨਸਾਂ ਦੇ ਨੁਕਸਾਨ ਕਾਰਨ ਉਹ ਹੁਣ ਕੰਮ ਕਰਨ ਅਤੇ ਤੁਰਨ-ਫਿਰਨ ਤੋਂ ਅਸਮਰਥ ਹੋ ਗਈ ਹੈ।

**ਪੁਲਸ 'ਤੇ ਲਾਪਰਵਾਹੀ ਦੇ ਦੋਸ਼ :** ਜਸਪ੍ਰੀਤ ਦਾ ਦਾਅਵਾ ਹੈ ਕਿ ਕੈਨੇਡਾ ਪੁਲਸ ਨੇ ਉਨ੍ਹਾਂ ਨੂੰ ਉਸ ਇਲਾਕੇ ਜਾਂ ਘਰ 'ਚ ਕਿਸੇ ਵੀ ਖ਼ਤਰੇ ਬਾਰੇ ਪਹਿਲਾਂ ਨਹੀਂ ਦੱਸਿਆ ਸੀ, ਬਲਕਿ ਉੱਥੇ ਰਹਿਣ ਲਈ 'ਕਲੀਨ ਚਿੱਟ' ਦਿੱਤੀ ਸੀ। ਇਸੇ ਕਾਰਨ ਉਸ ਦੇ ਮਾਪੇ ਹੱਤਿਆ ਤੋਂ ਮਹਿਜ਼ 4 ਦਿਨ ਪਹਿਲਾਂ ਹੀ ਉੱਥੇ ਰੁਕਣ ਆਏ ਸਨ। ਜਸਪ੍ਰੀਤ ਨੇ 20 ਮਈ 2026 ਨੂੰ ਆਪਣੇ ਵਕੀਲ ਫਰੈਡਰਿਕ ਸ਼ੂਮਾਨ ਰਾਹੀਂ ਅਦਾਲਤ 'ਚ ਇਹ ਕੇਸ ਦਾਇਰ ਕੀਤਾ ਹੈ। ਦੂਜੇ ਪਾਸੇ, ਕੈਨੇਡਾ ਪੁਲਸ ਨੇ ਇਸ ਨੂੰ ਇੱਕ 'ਗਲਤੀ' ਦੱਸਿਆ ਹੈ ਅਤੇ ਕਿਹਾ ਹੈ ਕਿ ਉਨ੍ਹਾਂ ਨੂੰ ਕਿਸੇ ਵੀ ਸੰਭਾਵਿਤ ਖ਼ਤਰੇ ਬਾਰੇ ਪਤਾ ਨਹੀਂ ਸੀ।

## ਚਨਾਬ ਦਰਿਆ 'ਚ ਹੜ੍ਹ ਦਾ ਖ਼ਤਰਾ ! ਲਹਿੰਦੇ ਪੰਜਾਬ 'ਚ ਹਾਈ ਅਲਰਟ

**ਲਾਹੌਰ, 22 ਮਈ (ਆਵਾਜ਼ਿ ਕੌਮ ਬਿਊਰੋ)**-ਪਾਕਿਸਤਾਨ ਦੇ ਪੰਜਾਬ ਸੂਬੇ 'ਚ ਚਨਾਬ ਦਰਿਆ ਦੇ ਨੇੜਲੇ ਇਲਾਕਿਆਂ ਲਈ ਹੜ੍ਹ ਦੀ ਚਿਤਾਵਨੀ ਜਾਰੀ ਕੀਤੀ ਗਈ ਹੈ। ਇਹ ਅਲਰਟ ਭਾਰਤ ਵੱਲੋਂ ਜੰਮੂ-ਕਸ਼ਮੀਰ ਦੇ ਰਿਆਸੀ ਜ਼ਿਲ੍ਹੇ 'ਚ ਸਥਿਤ ਸਲਾਲ ਡੈਮ ਦੇ ਸਪਿਲਵੇਅ ਗੇਟ ਖੋਲ੍ਹੇ ਜਾਣ ਦੀਆਂ ਰਿਪੋਰਟਾਂ ਤੋਂ ਬਾਅਦ ਜਾਰੀ ਕੀਤਾ ਗਿਆ ਹੈ। ਪੰਜਾਬ ਐਮਰਜੈਂਸੀ ਸਰਵਿਸਿਜ਼ ਵਿਭਾਗ ਦੇ ਸਕੱਤਰ ਰਿਜ਼ਵਾਨ ਨਸੀਰ ਅਨੁਸਾਰ, ਭਾਰਤੀ ਪਾਸੇ ਤੋਂ ਪਾਣੀ ਦੀ ਆਮਦ ਵਧਣ ਕਾਰਨ 21 ਤੋਂ



30 ਮਈ ਦੇ ਵਿਚਕਾਰ ਹੜ੍ਹ ਵਰਗੀ ਸਥਿਤੀ ਪੈਦਾ ਹੋ ਸਕਦੀ ਹੈ। ਸਿਆਲਕੋਟ ਦੀ ਡਿਪਟੀ ਕਮਿਸ਼ਨਰ ਸਬਾ ਅਸਗਰ ਅਲੀ ਨੇ ਦੱਸਿਆ ਕਿ ਭਾਰਤ ਵੱਲੋਂ ਡੈਮ ਦੀ ਸਫਾਈ ਲਈ ਪਾਣੀ ਛੱਡੇ ਜਾਣ ਕਾਰਨ ਚਨਾਬ ਦਰਿਆ 'ਚ ਪਾਣੀ ਦਾ ਪੱਧਰ 2 ਤੋਂ 3 ਮੀਟਰ ਤੱਕ ਵਧ ਸਕਦਾ ਹੈ। ਸਿਆਲਕੋਟ ਦੇ ਮਰਾਲਾ ਹੈੱਡਵਰਕਸ ਤੇ ਖਾਸ ਕਰ ਕੇ ਬਜਵਤ ਵਰਗੇ ਨੇੜਲੇ ਇਲਾਕਿਆਂ 'ਚ ਹਾਈ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਪ੍ਰਸ਼ਾਸਨ ਨੇ ਹੇਠ ਲਿਖੇ ਨਿਰਦੇਸ਼ ਜਾਰੀ ਕੀਤੇ ਹਨ: ☛ ਦਰਿਆ ਦੀ 24 ਘੰਟੇ ਨਿਗਰਾਨੀ ਲਈ ਜ਼ਿਲ੍ਹਾ ਐਮਰਜੈਂਸੀ ਕੰਟਰੋਲ ਰੂਮ ਸਰਗਰਮ ਕਰ ਦਿੱਤੇ ਗਏ ਹਨ। ☛ ਲੋਕਾਂ ਦੀ ਦਰਿਆ ਦੇ ਕੰਢੇ ਜਾਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ☛ ਲੋਕਾਂ ਨੂੰ ਆਪਣੇ ਪਸ਼ੂ ਦਰਿਆ ਦੇ ਅੰਦਰ ਨਾ ਲਿਜਾਣ ਦੀ ਹਦਾਇਤ ਕੀਤੀ ਗਈ ਹੈ।

### ਕਿਉਂ ਖੋਲ੍ਹੇ ਗਏ ਡੈਮ ਦੇ ਗੇਟ ?

ਸਰੋਤਾਂ ਅਨੁਸਾਰ, 690 ਮੈਗਾਵਾਟ ਦਾ ਸਲਾਲ ਪਾਵਰ ਪ੍ਰੋਜੈਕਟ ਚਨਾਬ ਦਰਿਆ 'ਤੇ ਬਣਿਆ ਹੋਇਆ ਹੈ। ਭਾਰੀ ਮਾਨਸੂਨ ਅਤੇ ਭੂਗੋਲਿਕ ਕਾਰਨਾਂ ਕਰ ਕੇ ਇਸ ਡੈਮ ਦੇ ਭੰਡਾਰ 'ਚ ਭਾਰੀ ਮਾਤਰਾ 'ਚ ਗਾਰ ਜਮ੍ਹਾ ਹੋ ਗਈ ਸੀ, ਜਿਸ ਕਾਰਨ ਇਸ ਦੀ ਸਟੋਰੇਜ ਸਮਰੱਥਾ 96 ਫੀਸਦੀ ਤੱਕ ਘਟ ਗਈ ਸੀ। ਇਸੇ ਕਾਰਨ ਐੱਨ.ਐੱਚ.ਪੀ.ਸੀ. ਵੱਲੋਂ ਡੈਮ ਦੀ ਕਾਰਜਕੁਸ਼ਲਤਾ ਨੂੰ ਬਰਕਰਾਰ ਰੱਖਣ ਲਈ ਸਿਲਟ ਮੈਨੇਜਮੈਂਟ ਪਲਾਨ ਤਹਿਤ ਇਹ ਪਾਣੀ ਛੱਡਿਆ ਗਿਆ ਹੈ। ਇਹ ਘਟਨਾਕ੍ਰਮ ਅਜਿਹੇ ਸਮੇਂ ਵਾਪਰ ਰਿਹਾ ਹੈ ਜਦੋਂ ਸਿੰਧ ਜਲ ਸਮਝੌਤੇ ਨੂੰ ਲੈ ਕੇ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਵਾਲੀ ਸਥਿਤੀ ਬਣੀ ਹੋਈ ਹੈ।

# ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ ਨੂੰ ਸਮਰਪਿਤ

## ਸਿੱਖ ਰਾਜਨੀਤਿਕ ਸੰਕਟ, ਰਣਨੀਤਕ ਸੂਝ-ਬੂਝ ਅਤੇ ਦਮਦਮੀ ਟਕਸਾਲ ਦਾ ਪੰਥਕ ਉਪਰਾਲਾ

**ਜੰਮਣ ਮਰਣਹੁ ਬਾਹਰੇ ਪਰਉਪਕਾਰੀ ਜਗ ਵਿਚਿ ਆਏ ।**

ਪਿਆਰੇ ਸੰਤ ਜਨ ਪਰਮੇਸ਼ਰ ਦਾ ਨਿਤ ਅਵਤਾਰ ਮੰਨੇ ਗਏ ਹਨ ਅਤੇ ਪਰਉਪਕਾਰ ਦੇ ਕਰਨ ਹਿੱਤ ਸੰਸਾਰ ਵਿੱਚ ਉਹਨਾਂ ਦਾ ਆਉਣਾ ਹੁੰਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਪਹਿਲਾਂ ਦੇ ਸੰਤ-ਭਗਤਾਂ ਨੇ ਸਮਾਜ ਨੂੰ ਨੈਤਿਕ ਤੇ ਅਧਿਆਤਮਿਕ ਤੌਰ 'ਤੇ ਜਗਾਇਆ ਅਤੇ

ਆਵਾਜ਼ਿ ਕੌਮ
AWAZE QAUM
International Newspaper & WEB TV

ਰਾਜਨੀਤਿਕ ਜ਼ੁਲਮ ਨੂੰ ਸਹਿਣ ਦੀ ਬਜਾਏ ਕੇਵਲ ਮਾਨਸਿਕ ਤੌਰ 'ਤੇ ਮਜ਼ਬੂਤ ਹੋਣਾ ਸਿਖਾਇਆ। ਪਰ ਉਹ ਕੋਈ ਅਜਿਹੀ ਹੋਂਦ ਖੜ੍ਹੀ ਨਹੀਂ ਕਰ ਸਕੇ ਜੋ ਜ਼ੁਲਮ ਕਰਨ ਵਾਲੀ ਰਾਜਨੀਤਿਕ ਸੱਤਾ ਨੂੰ ਸਿੱਧੀ ਚੁਣੌਤੀ ਦੇ ਸਕੇ।

ਸ਼੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਪਹਿਲੇ ਪੰਜ ਸਰੂਪ ਭਾਵ ਪੰਜ ਪਾਤਸ਼ਾਹੀਆਂ ਤੱਕ ਸਰਵਪ੍ਰਥਮ ਸਿੱਖ ਜਗਤ ਨੂੰ ਭਗਤੀ ਸਹਿਤ ਗਿਆਨ ਵਿੱਚ ਪਰਪੱਕ ਕਰਕੇ 'ਪਰਉਪਕਾਰੀ ਸੰਤ' ਦੇ ਇੱਕ ਨਿਸ਼ਕਾਮ ਆਦਰਸ਼ ਵਜੋਂ ਸਥਾਪਿਤ ਕੀਤਾ। ਫਿਰ ਸਮਕਾਲੀ ਰਾਜਨੀਤਿਕ ਅੱਤਿਆਚਾਰ ਅਤੇ ਸਮਾਜਿਕ ਬੇਇਨਸਾਫ਼ੀ ਦਾ ਪ੍ਰਤੀਰੋਧ ਕਰਨ ਹਿਤ, ਛੇਵੇਂ ਸਰੂਪ ਵਿੱਚ 'ਸ੍ਰੀ ਸਾਹਿਬ' (ਖੜਗ) ਦੀ ਬਖ਼ਿਸ਼ਸ਼ ਕੀਤੀ , ਜਿਸ ਦਾ ਪਰਮ-ਮਨੋਰਥ ਕੇਵਲ ਮਾਨਵ-ਕਲਿਆਣ, ਧਰਮ ਦੀ ਰੱਖਿਆ ਅਤੇ ਨਿਰਸਵਾਰਥ ਪਰਉਪਕਾਰ ਸੀ।

ਇਸ ਪ੍ਰਕਾਰ, ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉਸ ਪਰੰਪਰਾਗਤ ਜੀਵਨ-ਜੁਗਤ ਨੂੰ ਪੂਰਨ ਰੂਪ ਵਿੱਚ ਬਦਲ ਦਿੱਤਾ, ਜਿੱਥੇ ਅਧਿਆਤਮਿਕਤਾ (ਸੰਤ) ਅਤੇ ਸੈਨਿਕ ਪ੍ਰਵਿਰਤੀ (ਸਿਪਾਹੀ) ਨੂੰ ਦੋ ਵੱਖੋ-ਵੱਖਰੇ ਅਤੇ ਪਰਸਪਰ ਵਿਰੋਧੀ ਧਰੂਆਂ ਵਜੋਂ ਦੇਖਿਆ ਜਾਂਦਾ ਸੀ। ਪ੍ਰਾਚੀਨ ਰੀਤੀ ਦੇ ਉਲਟ—ਜਿੱਥੇ ਸੰਤ ਕੇਵਲ ਨਿਸ਼ਕ੍ਰਿਅ ਸ਼ਾਂਤੀ ਦਾ ਧਾਰਨੀ ਸੀ ਅਤੇ ਸਿਪਾਹੀ ਅਧਿਆਤਮਿਕ ਗਿਆਨ ਤੋਂ ਵਾਂਝਾ ਸੀ— ਗੁਰੂ ਸਾਹਿਬ ਜੀ ਨੇ ਇਨ੍ਹਾਂ ਦੋਹਾਂ ਗੁਣਾਂ ਦਾ ਸੁਮੇਲ ਕਰਕੇ 'ਸੰਤ-ਸਿਪਾਹੀ' ਦੇ ਇੱਕ ਅਭਿੰਨ ਆਦਰਸ਼ ਦੀ ਸਿਰਜਣਾ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਖ਼ਾਲਸਾ ਪੰਥ' ਦੇ ਪ੍ਰਗਟਾਵੇ ਦੁਆਰਾ 'ਸੰਤ-ਸਿਪਾਹੀ' ਦੇ ਆਦਰਸ਼ਕ ਸੰਕਲਪ ਨੂੰ ਇੱਕ ਸਰਵਾਂਗੀ ਅਤੇ ਸੰਪੂਰਨ ਸਰੂਪ ਪ੍ਰਦਾਨ ਕੀਤਾ।

ਸੰਤ-ਸਿਪਾਹੀ ਦੇ ਇਸ ਮੌਲਿਕ ਅਤੇ ਆਦਰਸ਼ਕ ਸਰੂਪ ਦੀ ਸਿਧਾਂਤਕ ਸ਼ੁੱਧਤਾ ਨੂੰ ਬਰਕਰਾਰ ਰੱਖਣ ਅਤੇ ਇਸ ਵਿੱਚ ਕਿਸੇ ਵੀ ਪ੍ਰਕਾਰ ਦੇ ਬਾਹਰੀ ਰਲਗਡ (ਮਿਲਾਵਟ) ਨੂੰ ਰੋਕਣ ਹਿਤ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ 'ਦਮਦਮੀ ਟਕਸਾਲ' (ਗੁਰੂ ਕੀ ਕਾਂਸ਼ੀ) ਵਜੋਂ ਇੱਕ ਸਰਵਉੱਚ ਅਕਾਦਮਿਕ ਅਤੇ ਅਧਿਆਤਮਿਕ ਸੰਸਥਾ ਦੀ ਸਥਾਪਨਾ ਕੀਤੀ ਗਈ। ਇਸ ਦਾ ਮੁੱਖ ਮਨੋਰਥ ਖ਼ਾਲਸਈ ਨਿਆਰੇਪਨ, ਸ਼ੁੱਧ ਗੁਰਬਾਣੀ ਉਚਾਰਨ-ਬੋਧ ਅਤੇ ਸ਼ਸਤਰ-ਸ਼ਾਸਤਰ ਦੀ ਪਰੰਪਰਾ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਮੂਲ ਰੂਪ ਵਿੱਚ ਸੁਰੱਖਿਅਤ ਰੱਖਣਾ ਸੀ।

ਦਮਦਮੀ ਟਕਸਾਲ ਦੀ ਇਸ ਮਹਾਨ ਅਤੇ ਇਤਿਹਾਸਕ ਜ਼ਿੰਮੇਵਾਰੀ ਨੂੰ ਦਮਦਮੀ ਟਕਸਾਲ ਦੇ ਮੁਖੀਆਂ ( ਅਮਰ ਸ਼ਹੀਦ ਧੰਨ ਬਾਬਾ ਦੀਪ ਸਿੰਘ ਜੀ ਤੋਂ ਲੈ ਕੇ ਵਰਤਮਾਨ ਸਮੇਂ ਤੱਕ) ਦੁਆਰਾ ਸਮੇਂ-ਸਮੇਂ 'ਤੇ ਅਥਾਹ ਦ੍ਰਿੜ੍ਹਤਾ, ਪ੍ਰਤੀਬੱਧਤਾ ਅਤੇ ਕੁਸ਼ਲਤਾ ਸਹਿਤ ਨਿਭਾਇਆ ਜਾਂਦਾ ਰਿਹਾ ਹੈ। ਇਨ੍ਹਾਂ ਅਧਿਆਤਮਿਕ ਆਗੂਆਂ ਨੇ ਨਾ ਕੇਵਲ ਗੁਰਮਤਿ ਸਿਧਾਂਤਾਂ ਦੇ ਮੌਲਿਕ ਸਰੂਪ ਨੂੰ ਸੁਰੱਖਿਅਤ ਰੱਖਿਆ, ਬਲਕਿ ਸੰਕਟ ਦੇ ਦੌਰ ਵਿੱਚ ਸਿੱਖ ਪੰਥ ਦੀ ਸਿਧਾਂਤਕ ਅਤੇ ਰਾਜਨੀਤਿਕ ਅਗਵਾਈ ਕਰਕੇ ਇਸ ਮਰਯਾਦਾ ਨੂੰ ਅਗਾਂਹ ਤੋਰਿਆ।

ਆਮ ਤੌਰ 'ਤੇ ਮੀਰੀ-ਪੀਰੀ ਅਤੇ ਸੰਤ-ਸਿਪਾਹੀ ਦੇ ਸਿਧਾਂਤ ਦੀ ਵਿਆਖਿਆ ਕੇਵਲ ਵਿਅਕਤੀਗਤ ਅਧਿਆਤਮਿਕਤਾ ਅਤੇ ਸ਼ਸਤਰ-ਧਾਰਨ ਤੱਕ ਹੀ ਸੀਮਿਤ ਕਰ ਦਿੱਤੀ ਜਾਂਦੀ ਹੈ, ਪਰ ਇਸ ਵਿਸ਼ਲੇਸ਼ਣ ਵਿੱਚ ਅਕਸਰ ਇਸਦੇ ਰਾਜਨੀਤਿਕ ਪੱਖ ਨੂੰ ਅੱਖੋਂ-ਪਰੋਖੇ ਕਰ ਦਿੱਤਾ ਜਾਂਦਾ ਹੈ। ਅਸਲ ਵਿੱਚ, ਇਸ ਸਿਧਾਂਤ ਅੰਦਰ ਅਧਿਆਤਮਿਕਤਾ (ਧਰਮ) ਦੇ ਨਾਲ-ਨਾਲ ਰਾਜਨੀਤਿਕ ਸੁਤੰਤਰਤਾ (ਰਾਜ) ਦਾ ਸੰਕਲਪ ਵੀ ਅਟੁੱਟ ਰੂਪ ਵਿੱਚ ਸ਼ਾਮਿਲ ਹੈ।

ਸਿੱਖ ਰਾਜਨੀਤਿਕ ਵਿਹਾਰ ਅਕਸਰ 'ਭਾਵਨਾਤਮਕ ਵੇਗ' ਜਾਂ 'ਸ਼ਹੀਦੀ ਪਰੰਪਰਾ' ਦੇ ਸਵੈ-ਬਲੀਦਾਨ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਹੈ। ਰਾਜਨੀਤੀ ਦੇ ਚਾਰ ਮੂਲ ਸਿਧਾਂਤਾਂ—ਸਾਮ, ਦਾਮ, ਦੰਡ, ਭੇਦ (ਕੂਟਨੀਤੀ, ਆਰਥਿਕ ਨੀਤੀ, ਸ਼ਕਤੀ ਪ੍ਰਦਰਸ਼ਨ ਅਤੇ ਰਣਨੀਤਕ ਭੇਦ)—ਜਿਨ੍ਹਾਂ ਤੋਂ ਜਾਣੂ ਹੋਣ ਦਾ ਆਦੇਸ਼ ਦਸਮੇਸ਼ ਪਿਤਾ ਨੇ ਖ਼ਾਲਸੇ ਨੂੰ ਦਿੱਤਾ ਸੀ, ਅਜੋਕੀ ਸਿੱਖ ਮਾਨਸਿਕਤਾ ਉਨ੍ਹਾਂ ਤੋਂ ਪੂਰਨ ਰੂਪ ਵਿੱਚ ਅਣਜਾਣ ਪ੍ਰਤੀਤ ਹੁੰਦੀ ਹੈ।



ਇਹ ਸੱਚ ਹੈ ਕਿ ਆਧੁਨਿਕ ਰਾਜਨੀਤੀ ਨੈਤਿਕਤਾ ਤੋਂ ਸੱਖਣੀ ਹੋ ਚੁੱਕੀ ਹੈ, ਜਿਸ ਕਾਰਨ ਅਧਿਆਤਮਿਕ ਆਗੂ (ਸੰਤ) ਇਸ ਤੋਂ ਦੂਰੀ ਬਣਾ ਕੇ ਰੱਖਦੇ ਹਨ। ਪਰ ਇਸਦੇ ਨਤੀਜੇ ਵਜੋਂ, ਵਰਤਮਾਨ ਸਿੱਖ ਸਿਆਸੀ ਖੇਤਰ ਸਵਾਰਥੀ, ਲੋਭੀ ਅਤੇ ਨਿੱਜੀ ਹਿੱਤਾਂ ਤੱਕ ਸੀਮਿਤ ਲੋਕਾਂ ਦੇ ਹੱਥਾਂ ਵਿੱਚ ਚਲਾ ਗਿਆ ਹੈ, ਜਿਨ੍ਹਾਂ ਵਿੱਚ 'ਪਰਉਪਕਾਰ' ਦੀ ਭਾਵਨਾ ਬਿਲਕੁਲ ਮਨਫ਼ੀ (ਗਾਇਬ) ਹੈ। ਇਹੀ ਕਾਰਨ ਹੈ ਕਿ ਸਿੱਖ ਰਾਜਨੀਤੀ ਇਸ ਵੇਲੇ ਇਤਿਹਾਸ ਦੇ ਸਭ ਤੋਂ ਨਿਰਾਸ਼ਾਜਨਕ ਦੌਰ ਵਿੱਚੋਂ ਲੰਘ ਰਹੀ ਹੈ।

ਇਤਿਹਾਸਕ ਤੌਰ 'ਤੇ, ਦਮਦਮੀ ਟਕਸਾਲ ਦੇ ਮੁਖੀਆਂ ਨੇ ਕਦੇ ਵੀ ਚੋਣਵੀਂ ਜਾਂ ਰਵਾਇਤੀ ਰਾਜਨੀਤੀ ਵਿੱਚ ਸਿੱਧੀ ਦਿਲਚਸਪੀ ਨਹੀਂ ਲਈ, ਕਿਉਂਕਿ ਪੂਰਵ ਕਾਲ ਵਿੱਚ ਇਸਦੀ ਲੋੜ ਪ੍ਰਤੀਤ ਨਹੀਂ ਸੀ ਹੋਈ। ਪਰ ਮੌਜੂਦਾ ਸਮੇਂ, ਜਦੋਂ ਪੰਥਕ ਰਾਜਨੀਤੀ ਪੂਰੀ ਤਰ੍ਹਾਂ ਹਉਮੈ, ਈਰਖਾ, ਬੇਲੋੜੇ ਵਿਰੋਧ ਅਤੇ ਸਿਧਾਂਤਕ ਪਤਨ ਦਾ ਸ਼ਿਕਾਰ ਹੋ ਚੁੱਕੀ ਹੈ, ਤਾਂ ਸਮੇਂ ਦੀ ਨਜ਼ਾਕਤ ਅਤੇ ਇਤਿਹਾਸਕ ਲੋੜ ਨੂੰ ਪਛਾਣਦਿਆਂ, ਦਮਦਮੀ ਟਕਸਾਲ ਦੇ ਵਰਤਮਾਨ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਵੱਲੋਂ ਇਸ ਖਲਾਅ ਨੂੰ ਭਰਨ ਅਤੇ ਪੰਥਕ ਕਾਰਜਾਂ ਦੀ ਪੁਨਰ-ਸੁਰਜੀਤੀ ਹਿਤ ਰਾਜਨੀਤਿਕ ਖੇਤਰ ਵਿੱਚ ਦਖਲ ਦੇਣ ਦਾ ਉਪਰਾਲਾ ਕੀਤਾ ਗਿਆ ਹੈ।

ਅਜੋਕੇ ਸਿੱਖ ਸਮਾਜ ਅੰਦਰ ਇੱਕ ਬਹੁਤ ਵੱਡਾ ਵਿਚਾਰਧਾਰਕ ਵਿਰੋਧਾਭਾਸ ਦੇਖਣ ਨੂੰ ਮਿਲ ਰਿਹਾ ਹੈ। ਸਾਡੇ ਵਿੱਚੋਂ ਕਈ ਲੋਕ ਨਿੱਜੀ ਪੱਧਰ 'ਤੇ ਤਾਂ ਵੱਖ-ਵੱਖ ਰਾਜਨੀਤਿਕ ਪਾਰਟੀਆਂ ਵਿੱਚ ਸਰਗਰਮ ਹਨ, ਪਰ ਜਦੋਂ ਦਮਦਮੀ ਟਕਸਾਲ ਵਰਗੀ ਇਤਿਹਾਸਕ ਪੰਥਕ ਸੰਸਥਾ ਕੌਮ ਦੇ ਭਲੇ ਲਈ ਕੋਈ ਸਿਆਸੀ ਉਪਰਾਲਾ ਕਰਦੀ ਹੈ, ਤਾਂ ਉਹ ਇਸਦਾ ਵਿਰੋਧ ਕਰਨ ਲੱਗ ਪੈਂਦੇ ਹਨ।

ਪੰਥਕ ਮਾਨਸਿਕਤਾ ਵਿੱਚ ਪੈਦਾ ਹੋਏ ਇਸ ਸੰਕਟ ਦੇ ਦੋ ਮੁੱਖ ਸਿਧਾਂਤਕ ਕਾਰਨ ਹਨ:

ਪਹਿਲਾ ਕਾਰਨ: ਅਸੀਂ 'ਮੀਰੀ' ਦੇ ਸਿਧਾਂਤ ਨੂੰ ਉਸਦੇ ਅਸਲ ਰਾਜਨੀਤਿਕ ਅਤੇ ਰਣਨੀਤਕ ਵਿਸਥਾਰ ਵਿੱਚ ਸਮਝਣਾ ਬੰਦ ਕਰ ਦਿੱਤਾ ਹੈ। ਸਾਡੀ ਸੋਚ ਇਹ ਬਣ ਚੁੱਕੀ ਹੈ ਕਿ 'ਮੀਰੀ' ਦਾ ਮਤਲਬ ਸਿਰਫ਼ ਹਥਿਆਰ ਚੁੱਕਣਾ ਜਾਂ ਕੁਰਬਾਨੀਆਂ ਦੇਣਾ ਹੀ ਹੈ, ਜਦਕਿ ਪੰਥ ਦੇ ਹਿੱਤ ਲਈ ਸਹੀ ਨੀਤੀ, ਕੂਟਨੀਤੀ ਅਤੇ ਸੰਵਾਦ ਦੀ ਵਰਤੋਂ ਕਰਨਾ ਵੀ ਇਸੇ ਸਿਧਾਂਤ ਦਾ ਅਹਿਮ ਹਿੱਸਾ ਹੈ। ਇਸੇ ਸੀਮਿਤ ਸੋਚ ਕਾਰਨ ਧਾਰਮਿਕ ਸੰਸਥਾਵਾਂ ਦੀ ਰਾਜਨੀਤਿਕ ਭੂਮਿਕਾ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ।

ਦੂਸਰਾ ਕਾਰਨ: ਸਮੁੱਚੀ ਪੰਥਕ ਮਾਨਸਿਕਤਾ ਧੜੇਬੰਦੀ ਦੀ ਸਿਆਸਤ ਅਤੇ ਆਪਸੀ ਖਿੱਚੋਤਾਣ ਦਾ ਸ਼ਿਕਾਰ ਹੋ ਚੁੱਕੀ ਹੈ। ਸਾਡੇ ਅੰਦਰ ਆਪਸੀ ਈਰਖਾ ਅਤੇ ਧੜੇਬੰਦੀ ਬਹੁਤ ਵੱਧ ਗਈ ਹੈ। ਸਾਡਾ ਹਾਲ ਅੱਜ-ਕੱਲ੍ਹ ਦੀਆਂ ਸਿਆਸੀ ਪਾਰਟੀਆਂ ਵਰਗਾ ਹੋ ਗਿਆ ਹੈ, ਜਿਨ੍ਹਾਂ ਦਾ ਕੰਮ ਸਿਰਫ਼ ਸਾਹਮਣੇ ਵਾਲੇ ਦਾ ਵਿਰੋਧ ਕਰਨਾ ਹੁੰਦਾ ਹੈ, ਚਾਹੇ ਉਹ ਕੋਈ ਚੰਗਾ ਕੰਮ ਹੀ ਕਿਉਂ ਨਾ ਕਰ ਰਿਹਾ ਹੋਵੇ। ਇਸੇ ਈਰਖਾ ਕਰਕੇ ਅਸੀਂ ਕਿਸੇ ਦੇ ਕੀਤੇ ਚੰਗੇ ਪੰਥਕ ਕਾਰਜਾਂ (ਪਰਉਪਕਾਰ) ਦੀ ਤਾਰੀਫ਼ ਕਰਨ ਦੀ ਬਜਾਏ, ਉਸ ਵਿੱਚੋਂ ਕੋਈ ਨਾ ਕੋਈ ਨੁਕਸ ਕੱਢਣ ਲੱਗ ਪੈਂਦੇ ਹਾਂ।

ਅੱਜ ਜਦੋਂ ਸਿੱਖ ਸਿਆਸਤ ਪੂਰੀ ਤਰ੍ਹਾਂ ਗੰਧਲੀ ਹੋ ਚੁੱਕੀ ਹੈ, ਤਾਂ ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਨੇ ਸਮੇਂ ਦੀ ਲੋੜ ਨੂੰ ਪਛਾਨਿਆ ਹੈ। ਉਨ੍ਹਾਂ ਨੇ ਸਿਰਫ਼ ਤਮਾਸ਼ਾ ਦੇਖਣ ਦੀ ਬਜਾਏ, ਖੁਦ ਅੱਗੇ ਹੋਣਾ ਠੀਕ ਸਮਝਿਆ । ਪਰ ਅਫ਼ਸੋਸ ਕਿ ਸਾਡੀ ਆਪਣੀ ਆਪਸੀ ਖਿੱਚੋਤਾਣ ਕਰਕੇ ਕੁਝ ਲੋਕਾਂ ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ।

ਇਤਿਹਾਸਿਕ ਅਤੇ ਰਣਨੀਤਕ ਦ੍ਰਿਸ਼ਟੀਕੋਣ ਤੋਂ ਇਹ ਪ੍ਰਮਾਣਿਤ ਹੈ ਕਿ ਜਿੱਥੇ ਕੁਝ ਪੰਥਕ ਕਾਰਜ ਮਹਾਨ ਸ਼ਹਾਦਤਾਂ ਦੁਆਰਾ ਸੰਪੰਨ ਹੁੰਦੇ ਹਨ, ਉੱਥੇ ਹੀ ਕਈ ਗੁੰਝਲਦਾਰ ਮਸਲੇ ਬਿਨਾਂ ਕਿਸੇ ਜਾਨੀ ਨੁਕਸਾਨ ਦੇ, ਕੇਵਲ ਸਿਆਸੀ ਨੀਤੀ, ਕੂਟਨੀਤੀ ਅਤੇ ਵਾਰਤਾਲਾਪ (Dialogue) ਦੇ ਮਾਧਿਅਮ ਰਾਹੀਂ ਹੱਲ ਕੀਤੇ ਜਾ ਸਕਦੇ ਹਨ ।ਦਮਦਮੀ ਟਕਸਾਲ ਦੇ ਵਰਤਮਾਨ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਨੇ ਇਸੇ ਸਮਝਦਾਰੀ ਦੀ ਨੀਤੀ ਨੂੰ ਪੰਥ ਦੇ ਸਨਮੁਖ ਰੱਖਿਆ ਹੈ ਕਿ ਹਰ ਸੰਘਰਸ਼ ਦਾ ਅੰਤਮ ਪੜਾਅ 'ਟੇਬਲ ਟਾਕ' ਹੀ ਹੁੰਦਾ ਹੈ। ਇਸ ਲਈ, ਜਿਹੜੇ ਮਸਲੇ ਸੁਹਿਰਦ ਸੰਵਾਦ ਰਾਹੀਂ ਹੱਲ ਹੋ ਸਕਦੇ ਹੋਣ, ਉੱਥੇ ਬੇਲੋੜਾ ਟਕਰਾਅ ਅਣਉਚਿਤ ਹੈ। ਪਰ ਇਸਦਾ ਅਰਥ ਇਹ ਵੀ ਨਹੀਂ ਕਿ ਸਿਧਾਂਤਾਂ ਨਾਲ ਸਮਝੌਤਾ ਕੀਤਾ ਜਾਵੇ, ਜਿੱਥੇ ਕੁਝ ਗਲਤ ਹੁੰਦਾ ਹੈ ਉਥੇ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆ ਵੱਲੋਂ ਉਸ ਗਲਤ ਗੱਲ ਦਾ ਵਿਰੋਧ ਵੀ ਠੋਕ ਕੇ ਕੀਤਾ ਜਾਂਦਾ ਹੈ। ਪਰ ਅਸੀਂ ਰਾਜਨੀਤਿਕ ਪੱਧਰ ਤੇ ਇੰਨੇ ਗਿਰ ਚੁੱਕੇ ਹਾਂ ਕਿ ਸਹੀ ਗੱਲ ਦਾ ਵੀ ਵਿਰੋਧ ਕਰਨ ਲੱਗ ਪਏ ਹਾਂ, ਜੇਕਰ ਕੋਈ ਚੰਗਾ ਕੰਮ ਹੁੰਦਾ ਹੈ, ਤਾਂ ਸਾਨੂੰ ਖੁੱਲ੍ਹੇ ਦਿਲ ਨਾਲ ਉਸ ਦੀ ਤਾਰੀਫ਼ ਕਰਨੀ ਵੀ ਬਣਦੀ ਹੈ।

ਜੇਕਰ ਬਿਨਾਂ ਕਿਸੇ ਨੁਕਸਾਨ ਦੇ, ਸ਼ਾਂਤ ਰਹਿ ਕੇ, ਸਰਕਾਰਾਂ ਪਾਸੋਂ ਪੰਥ ਦੇ ਵੱਡੇ ਮਸਲੇ (ਜਿਵੇਂ ਸ਼ਹੀਦੀ ਯਾਦਗਾਰ, ਬੰਦੀ ਸਿੰਘਾਂ ਦੀ ਰਿਹਾਈ, ਇਤਿਹਾਸਕ ਅਸਥਾਨਾਂ ਦੇ ਮਸਲੇ ) ਹੱਲ ਕਰਵਾਏ ਜਾਣ, ਤਾਂ ਉਹ ਪੰਥ ਦੀ ਜਿੱਤ ਹੈ। ਰਾਜਨੀਤੀ ਵਿੱਚ ਵਿਰੋਧ ਸਿਰਫ਼ 'ਵਿਰੋਧ ਦਿਖਾਉਣ' ਲਈ ਨਹੀਂ, ਬਲਕਿ 'ਮਸਲਾ ਹੱਲ ਕਰਵਾਉਣ' ਲਈ ਹੁੰਦਾ ਹੈ। ਸਿੱਖਾਂ ਨੂੰ ਇਹ ਗੱਲ ਸਮਝਣ ਦੀ ਬਹੁਤ ਜ਼ਰੂਰਤ ਹੈ।

ਆਮ ਤੌਰ 'ਤੇ ਇਹ ਦੇਖਣ ਵਿੱਚ ਆਉਂਦਾ ਹੈ ਕਿ ਬਹੁਤ ਸਾਰੇ ਧਾਰਮਿਕ ਆਗੂ ਵੱਖ-ਵੱਖ ਰਾਜਨੀਤਿਕ ਧਿਰਾਂ ਨਾਲ ਗੁਪਤ ਰੂਪ ਵਿੱਚ (ਪਰਦੇ ਦੇ ਪਿੱਛੇ) ਗੱਠਜੋੜ ਬਣਾ ਕੇ ਚੱਲਦੇ ਹਨ ਅਤੇ ਆਪਣੀਆਂ ਸਿਆਸੀ ਗਤੀਵਿਧੀਆਂ ਨੂੰ ਗੁਪਤ ਰੱਖਦੇ ਹਨ। ਪਰ ਇਸਦੇ ਉਲਟ, ਦਮਦਮੀ ਟਕਸਾਲ ਦੇ ਮਹਾਂਪੁਰਖ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਕਿਸੇ ਵੀ ਪ੍ਰਕਾਰ ਦੀ ਗੁਪਤ ਨੀਤੀ ਅਪਨਾਉਣ ਦੀ ਬਜਾਏ, ਪੂਰਨ ਪਾਰਦਰਸ਼ਤਾ ਸਹਿਤ ਨਿਰਪੱਖ ਰੂਪ ਵਿੱਚ, ਸਭ ਦੇ ਸਨਮੁਖ ਹੋ ਕੇ ਪੰਥਕ ਹਿੱਤਾਂ ਲਈ ਫੈਸਲੇ ਲੈਂਦੇ ਹਨ। ਅਜਿਹੀ ਰਾਜਨੀਤਿਕ ਪਾਰਦਰਸ਼ਤਾ ਕੇਵਲ ਉਹੀ ਸ਼ਖ਼ਸੀਅਤ ਅਪਨਾ ਸਕਦੀ ਹੈ ਜੋ ਅੰਦਰੂਨੀ ਤੌਰ 'ਤੇ ਨਿਰਮਲ, ਸੱਚੀ-ਸੁੱਚੀ ਅਤੇ ਨੈਤਿਕ ਦ੍ਰਿੜ੍ਹਤਾ ਦੀ ਧਾਰਨੀ ਹੋਵੇ। ਜਿਸ ਦੇ ਮਨ ਵਿੱਚ ਨਿੱਜੀ ਸਵਾਰਥ, ਕਪਟ ਜਾਂ ਝੂਠ ਹੋਵੇ, ਉਹ ਕਦੇ ਵੀ ਸੱਤਾ ਦੇ ਸਾਹਮਣੇ ਅਜਿਹੀ ਨਿਰਭੈਤਾ ਅਤੇ ਖੁੱਲ੍ਹੇਆਮ ਫੈਸਲੇ ਲੈਣ ਦਾ ਸਾਹਸ ਨਹੀਂ ਕਰ ਸਕਦਾ।

ਫਿਰ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਦੁਆਰਾ ਆਪਣੇ ਰਾਜਨੀਤਿਕ ਸੰਬੰਧਾਂ ਅਤੇ ਪ੍ਰਭਾਵ ਦੀ ਵਰਤੋਂ ਕਦੇ ਵੀ ਕਿਸੇ ਨਿੱਜੀ ਹਿੱਤ ਜਾਂ ਸਵਾਰਥ ਦੀ ਪੂਰਤੀ ਲਈ ਨਹੀਂ ਕੀਤੀ ਗਈ ।ਉਨ੍ਹਾਂ ਨੇ ਅੱਜ ਤੱਕ ਆਪਣੇ ਇਨ੍ਹਾਂ ਸਿਆਸੀ ਸੰਪਰਕਾਂ ਨੂੰ ਕੇਵਲ ਅਤੇ ਕੇਵਲ ਪੰਥਕ ਹਿੱਤਾਂ, ਕੌਮੀ ਮਸਲਿਆਂ ਦੇ ਹੱਲ ਅਤੇ ਸਮਾਜਿਕ ਭਲਾਈ ਦੇ ਕਾਰਜਾਂ ਲਈ ਹੀ ਸਮਰਪਿਤ ਰੱਖਿਆ ਹੈ।

ਇਤਿਹਾਸਕ ਤੌਰ 'ਤੇ ਇਹ ਮੰਨਿਆ ਜਾਂਦਾ ਰਿਹਾ ਹੈ ਕਿ ਜੇਕਰ ਪੰਥਕ ਆਗੂਆਂ ਨੇ ਪਹਿਲਾਂ ਰਾਜਨੀਤੀ ਨੂੰ ਸਹੀ ਦਿਸ਼ਾ ਦਿੱਤੀ ਹੁੰਦੀ, ਤਾਂ ਅਜੋਕੇ ਸਿੱਖ ਰਾਜਨੀਤਿਕ ਸੰਕਟ ਪੈਦਾ ਹੀ ਨਾ ਹੁੰਦੇ। ਅਜਿਹੀ ਸਥਿਤੀ ਵਿੱਚ, ਜੇਕਰ ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਸ਼ਾਂਤ-ਚਿੱਤ ਰਹਿ ਕੇ, ਸਮੇਂ ਦੀ ਨਜ਼ਾਕਤ ਅਨੁਸਾਰ ਰਾਜ-ਸੱਤਾ (ਸਟੇਟ) ਪਾਸੋਂ ਪੰਥਕ ਹਿੱਤਾਂ ਦੇ ਕਾਰਜ ਕਰਵਾ ਰਹੇ ਹਨ, ਤਾਂ ਇਸਨੂੰ ਸੰਦੇਹ (ਸ਼ੱਕ) ਦੀ ਨਜ਼ਰ ਨਾਲ ਨਹੀਂ ਦੇਖਿਆ ਜਾਣਾ ਚਾਹੀਦਾ ।ਇੱਕ ਅਧਿਆਤਮਿਕ ਸੰਤ ਲਈ ਸਭ ਤੋਂ ਸੌਖਾ ਕੰਮ ਇਹ ਹੁੰਦਾ ਹੈ ਕਿ ਉਹ ਸਿਆਸਤ ਤੋਂ ਦੂਰ ਰਹਿ ਕੇ ਆਪਣੇ ਅਸਥਾਨ 'ਤੇ ਨਾਮ ਸਿਮਰਨ ਕਰੇ, ਜਿਸ ਨਾਲ ਉਸਦੀ ਸਮਾਜਿਕ ਪ੍ਰਤਿਸ਼ਠਾ ਹਮੇਸ਼ਾ ਸਾਫ਼-ਸੁਥਰੀ ਬਣੀ ਰਹੇ। ਪਰ ਜਦੋਂ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵਰਗੇ ਮਹਾਂਪੁਰਖ ਇਹ ਜਾਣਦੇ ਹੋਏ ਵੀ ਕਿ ਅਜੋਕੀ ਰਾਜਨੀਤੀ ਇੱਕ 'ਚਿੱਕੜ' ਹੈ, ਇਸ ਵਿੱਚ ਪੈਰ ਰੱਖਦੇ ਹਨ, ਤਾਂ ਇਹ ਉਨ੍ਹਾਂ ਦਾ ਕੋਈ ਨਿੱਜੀ ਸਵਾਰਥ ਨਹੀਂ ਬਲਕਿ ਪੰਥ ਪ੍ਰਤੀ ਅਥਾਹ 'ਪਰਉਪਕਾਰ' ਅਤੇ ਨਿਸ਼ਕਾਮ ਸੇਵਾ ਦਾ ਪ੍ਰਤੀਕ ਹੈ।


ਐਸੇ ਪਰਉਪਕਾਰੀ ਮਹਾਂਪੁਰਖਾਂ ਨੂੰ ਸਾਡੀ ਬਾਰੰ ਬਾਰ ਨਮਸਕਾਰ ਹੈ।

**ਦਮਦਮੀ ਟਕਸਾਲ ਜੱਥਾ ਭਿੰਡਰਾਂ ਮਹਿਤਾ ਦੇ ਵਿਦਿਆਰਥੀ**
**ਭਾਈ ਅਮਰੀਕ ਸਿੰਘ**
**ਭਾਈ ਮਨਦੀਪ ਸਿੰਘ (ਮਹਿਤਾ)**
**ਭਾਈ ਮਨਦੀਪ ਸਿੰਘ (ਪਟਿਆਲਾ)**
**ਭਾਈ ਜੋਬਨਪ੍ਰੀਤ ਸਿੰਘ**

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

---

ਦਮਦਮੀ ਟਕਸਾਲ

ਨਾਮ ਜਪੋ / Naam Japo
ਕਿਰਤ ਕਰੋ / Kirat Karo
ਵੰਡ ਛਕੋ / Vand Shako

ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**
Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**
Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**
Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**
Learn Gurmukhi Punjabi

**ਗਤਕਾ ਸਿੱਖੋ** Learn Gatka
www.damdamitaksal.net

---

ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ


ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

---

ਦੇਗ ਤੇਗ ਫ਼ਤਿਹ – ਪੰਥ ਕੀ ਜੀਤ

*ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥*

**ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ**



ਧੰਨ-ਧੰਨ ਮਾਤਾ ਸਾਹਿਬ ਕੌਰ ਜੀ

# ਗੁਰਮਤਿ ਸਮਾਗਮ

**1 ਨਵੰਬਰ 2026, ਦਿਨ ਐਤਵਾਰ ਨੂੰ**
**ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ**
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।



ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਮੰਗਲਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਐਤਵਾਰ, ਸਵੇਰੇ 9 ਵਜੇ



ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

**ਨੋਟ : ਇਹ ਸਮਾਗਮ 13 ਦਿਨ ਚੱਲੇਗਾ**

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।

ਬੇਨਤੀ ਕਰਤਾ **ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ 98141-27470**
**ਜਥੇਦਾਰਨੀ ਬੀਬੀ ਸੁਰਿੰਦਰ ਕੌਰ 73408-35137**
**ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ**
ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404, ਜ: ਹਰਜੋਤ ਸਿੰਘ ਢਿੱਲੋਂ, ਜ: ਮਹਿਤਾਬ ਸਿੰਘ ਢਿੱਲੋਂ

ਸੰਪਰਕ ਨੰਬਰ 84278-66404


Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ
AWAZE QAUM
International Newspaper & WEB TV








# 2 ਜੂਨ ਨੂੰ ਪਿੰਡ ਰੋਡੇ ਪੁੱਜੋ

--✶ ਬੇਨਤੀ ਕਰਤਾ ✶--

## ਸੰਤ ਚਰਨਜੀਤ ਸਿੰਘ ਜੱਸੋਵਾਲ

ਦਮਦਮੀ ਟਕਸਾਲ, ਭਿੰਡਰਾਂਵਾਲੇ

ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ
ਪਿੰਡ ਰੋਡੇ
ਪਹੁੰਚੋ
ਸਮਾਗਮ ਦਾ ਸਮਾ
ਸਵੇਰੇ 10 ਤੋਂ
3 ਵਜੇ
ਤੱਕ
ਆਵਾਜ਼ਿ ਕੌਮ
AWAZE QAUM
International Newspaper & WEB TV
ਵੱਲੋਂ :- ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, (98140-13915)

# ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ 2 ਜੂਨ ਨੂੰ ਮਨਾਏ ਜਾ ਰਹੇ ਜਨਮ ਦਿਹਾੜੇ 'ਤੇ ਪਿੰਡ ਰੋਡੇ ਪਹੁੰਚੋ

**ਜਲੰਧਰ, 16 ਮਈ (ਆਵਾਜ਼ਿ ਕੌਮ ਬਿਊਰੋ)**-ਉੱਤਰੀ ਭਾਰਤ ਵਿੱਚ ਭਿਆਨਕ ਗਰਮੀ ਵਾਲੇ ਮਾਹੌਲ ਦੇ ਬਾਵਜੂਦ ਵੀਹਵੀਂ ਸਦੀ ਦੇ ਮਹਾਨ ਜਰਨੈਲ ਅਤੇ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ 2 ਜੂਨ ਨੂੰ ਮਨਾਏ ਜਾ ਰਹੇ ਜਨਮ ਦਿਹਾੜੇ ਦੀਆਂ ਤਿਆਰੀਆਂ ਪੂਰੇ ਉਤਸ਼ਾਹ ਅਤੇ ਜ਼ੋਰ-ਸ਼ੋਰ ਨਾਲ ਜਾਰੀ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇੰਟਰਨੈਸ਼ਨਲ ਪੰਥਕ ਦਲ ਪੰਜਾਬ ਦੇ ਮੁੱਖ ਬੁਲਾਰੇ ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ ਦਮਦਮੀ ਟਕਸਾਲ ਭਿੰਡਰਾਂਵਾਲਿਆਂ ਨੇ ਦੱਸਿਆ ਕਿ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਰਪ੍ਰਸਤ ਇੰਟਰਨੈਸ਼ਨਲ ਪੰਥਕ ਦਲ ਦੀ ਅਗਵਾਈ ਹੇਠ ਸੰਤਾਂ ਦੇ ਜਨਮ ਦਿਹਾੜੇ ਸਬੰਧੀ ਸਮਾਗਮ ਦੀਆਂ ਤਿਆਰੀਆਂ ਨੂੰ ਲੈ ਕੇ ਦਿਨ-ਰਾਤ ਵੱਖ-ਵੱਖ ਪੰਥਕ ਸ਼ਖਸੀਅਤਾਂ, ਸੰਤਾਂ-ਮਹਾਂਪੁਰਸ਼ਾਂ ਅਤੇ ਸੰਗਤਾਂ ਨਾਲ ਰਾਬਤਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇੰਟਰਨੈਸ਼ਨਲ ਪੰਥਕ ਦਲ ਦੇ ਪੰਜਾਬ ਅਤੇ ਦੇਸ਼-ਵਿਦੇਸ਼ ਵਿੱਚ ਸਰਗਰਮ ਆਗੂ ਆਪੋ-ਆਪਣੇ ਇਲਾਕਿਆਂ ਵਿੱਚ ਸੰਗਤਾਂ ਨੂੰ 2 ਜੂਨ ਨੂੰ ਪਿੰਡ ਰੋਡੇ ਵਿਖੇ ਸਥਿਤ ਗੁਰਦੁਆਰਾ ਸੰਤ ਖਾਲਸਾ ਵਿਖੇ ਪਹੁੰਚਣ ਲਈ ਸੱਦਾ ਪੱਤਰ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਵਾਰ ਵੀ ਵੱਡੀ ਗਿਣਤੀ ਵਿੱਚ ਸੰਗਤਾਂ ਦੇ ਪਹੁੰਚਣ ਦੀ ਸੰਭਾਵਨਾ ਹੈ, ਜਿਸ ਨੂੰ ਧਿਆਨ ਵਿੱਚ ਰੱਖਦਿਆਂ ਪ੍ਰਬੰਧਾਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ। ਸੰਤ ਜੱਸੋਵਾਲ ਨੇ ਦੱਸਿਆ ਕਿ ਪਿੰਡ ਰੋਡੇ ਵਿਖੇ ਪਹੁੰਚ ਰਹੀਆਂ ਸੰਗਤਾਂ ਦੀ ਸਹੂਲਤ ਲਈ ਥਾਂ-ਥਾਂ ਠੰਢੇ ਮਿੱਠੇ ਜਲ ਦੀਆਂ ਛਬੀਲਾਂ, ਲੰਗਰਾਂ ਅਤੇ ਹੋਰ ਸੇਵਾਵਾਂ ਲਈ ਵੱਖ-ਵੱਖ ਸੰਸਥਾਵਾਂ ਅਤੇ ਸੇਵਾਦਾਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ। ਇਸ ਤੋਂ ਇਲਾਵਾ ਸੰਗਤਾਂ ਦੀਆਂ ਗੱਡੀਆਂ ਅਤੇ ਮੋਟਰਾਂ ਦੀ ਪਾਰਕਿੰਗ, ਬੈਠਣ ਦੀ ਵਿਵਸਥਾ ਅਤੇ ਲੰਗਰ ਛਕਣ ਲਈ ਵੀ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ ਤਾਂ ਜੋ ਦੂਰ-ਦੁਰਾਡੇ ਤੋਂ ਆਉਣ ਵਾਲੀਆਂ ਸੰਗਤਾਂ ਨੂੰ ਕਿਸੇ ਵੀ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਸਮਾਗਮ ਦੌਰਾਨ ਧਾਰਮਿਕ ਦੀਵਾਨ, ਗੁਰਬਾਣੀ ਕੀਰਤਨ, ਕਥਾ-ਵਿਚਾਰ ਅਤੇ ਪੰਥਕ ਵਿਚਾਰਾਂ ਦਾ ਵੀ ਆਯੋਜਨ ਕੀਤਾ ਜਾਵੇਗਾ, ਜਿਸ ਵਿੱਚ ਪ੍ਰਸਿੱਧ ਰਾਗੀ, ਢਾਡੀ ਅਤੇ ਕਥਾਵਾਚਕ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਇੰਟਰਨੈਸ਼ਨਲ ਪੰਥਕ ਦਲ ਇੰਗਲੈਂਡ, ਇਟਲੀ, ਆਸਟਰੀਆ, ਕੈਨੇਡਾ ਅਤੇ ਅਮਰੀਕਾ ਦੇ ਸਿੰਘਾਂ ਵੱਲੋਂ ਵੀ ਸਮੂਹ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ ਹੈ ਕਿ 2 ਜੂਨ 2026 ਨੂੰ ਪਿੰਡ ਰੋਡੇ ਵਿਖੇ ਹੋ ਰਹੇ ਮਹਾਨ ਸਮਾਗਮ ਵਿੱਚ ਹੁੰਮ-ਹੁੰਮਾ ਕੇ ਪਹੁੰਚਿਆ ਜਾਵੇ ਅਤੇ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ ਮੌਕੇ ਕਰਵਾਏ ਜਾ ਰਹੇ ਧਾਰਮਿਕ ਸਮਾਗਮਾਂ ਵਿੱਚ ਸ਼ਮੂਲੀਅਤ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਜਾਣ। ਇਹ ਪ੍ਰੈਸ ਨੋਟ ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ ਪੰਜਾਬ ਵੱਲੋਂ ਜਾਰੀ ਕੀਤਾ ਗਿਆ।






# 2 ਜੂਨ ਨੂੰ ਪਿੰਡ ਰੋਡੇ ਪੁੱਜੋ

--✶ ਬੇਨਤੀ ਕਰਤਾ ✶--

## ਸੰਤ ਚਰਨਜੀਤ ਸਿੰਘ ਜੱਸੋਵਾਲ

**ਦਮਦਮੀ ਟਕਸਾਲ, ਭਿੰਡਰਾਂਵਾਲੇ**

**ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ**




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243



★ ਪ੍ਰਣਾਮ ਸ਼ਹੀਦਾਂ ਨੂੰ ★

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਸ਼ਹੀਦ ਭਾਈ ਅਮਰੀਕ ਸਿੰਘ, ਸ਼ਹੀਦ ਬਾਬਾ ਥਾਰਾ ਸਿੰਘ, ਸ਼ਹੀਦ ਜਨਰਲ ਸ਼ਬੇਗ ਸਿੰਘ ਅਤੇ ਸਮੂਹ ਸ਼ਹੀਦ ਸਿੰਘਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ ਜਿਨ੍ਹਾਂ ਨੇ ਜੂਨ 1984 ਵਿੱਚ 'ਧਰਮ ਹੇਤ ਸੀਸ ਵਾਰ' ਕੇ ਪੰਜਵੇਂ ਨਾਨਕ ਗੁਰੂ ਅਰਜਨ ਪਾਤਸ਼ਾਹ ਜੀ ਨੂੰ ਅਕੀਦਤ ਦੇ ਫੁੱਲ ਭੇਟ ਕੀਤੇ।

ਸਮੂਹ ਸਿੱਖ ਸੰਗਤ ਦੇ ਸਹਿਯੋਗ ਨਾਲ ਗੁਰਦੁਵਾਰਾ ਸਾਹਿਬ Hesperia 1.30 pm ਕੱਲ ਐਤਵਾਰ ਆਰੰਭ SRI SEHEJ PATH JI In Memory of All Saheed who laid their lives for protection of SRI DARBARAND SRI AKAL TAKHATSAHIB of 6th. June AIHD ( ਤੀਸਰਾ ਘੱਲੂਘਾਰਾ) ਸ੍ਰੀ ਸਹਿਜ ਪਾਠ ਦੇ ਭੋਗ 7th. ਜੂਨ 2026 ਨੂੰ 10 ਵਜੇ ਪੈਣਗੇ ਉਪਰੰਤ ਸ਼ਹੀਦਾਂ ਦੀ ਯਾਦ ਵਿੱਚ ਦੀਵਾਨ ਸਜਾਏ ਜਾਣਗੇ

--★ ਜਾਰੀ ਕਰਤਾ ★--

# ਸਮੂਹ ਪ੍ਰਬੰਧਕ ਕਮੇਟੀ

## ਗੁਰਦੁਵਾਰਾ ਸਾਹਿਬ Hesperia U. S.A.

ਘੜੀਐ ਸਬਦੁ ਸਚੀ ਟਕਸਾਲ ।।

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)

# ਮਹਾਨ ਕੀਰਤਨ ਦਰਬਾਰ



ਸਲਾਨਾ ਬਰਸੀ ਸੰਤ ਕਿਰਪਾਲ ਸਿੰਘ ਸਾਹਿਬ ਜੀ ਸੱਤੋਵਾਲੀ ਗਲੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ।



☛ ਸ਼ੁੱਕਰਵਾਰ 22 ਮਈ ਸ਼ਾਮ 5 ਤੋ 8 ਵਜੇ ਤੱਕ ਦੀਵਾਨ ਸਜਣਗੇ। ☛ ਸ਼ਨਿੱਚਰਵਾਰ 23 ਮਈ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ। ਸ਼ਨਿੱਚਰਵਾਰ 23 ਮਈ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।

ਐਤਵਾਰ 24 ਮਈ 2026 ਨੂੰ 6:30 ਵਜੇ ਸਵੇਰੇ ਚੌਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣ ਉਪਰੰਤ 12:30 ਵਜੇ ਤੱਕ ਦੀਵਾਨ ਸਜਣਗੇ।

ਕੀਰਤਨੀ ਜਥਾ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਜੀ ( ਸ਼੍ਰੀ ਅੰਮ੍ਰਿਤਸਰ ਸਾਹਿਬ ਜੀ) ਭਾਈ ਸਰੂਪ ਸਿੰਘ ਜੀ ਰੂਪ ਕੀਰਤਨ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778





ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)

# ਘੱਲੂਘਾਰਾ ਜੂਨ 1984 ਨੂੰ 5, 6, 7 ਜੂਨ ਨੂੰ ਭਾਰੀ ਦੀਵਾਨ ਸਜਣਗੇ



☛ ਸ਼ਹੀਦੀ ਦਿਹਾੜਾ ਦਮਦਮੀ ਟਕਸਾਲ ਦੇ 14 ਵੇਂ ਮੁਖੀ ਸਿੱਖ ਕੌਮ ਜਰਨੈਲ ਸ੍ਰੀਮਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਅਤੇ ਨਾਲ ਦੇ ਸ਼ਹੀਦ ਹੋਏ ਸਿੰਘ ਸਿੰਘਣੀਆਂ ਭੁਝੰਗੀਆਂ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।



ਢਾਡੀ ਜਥਾ ਗਿਆਨੀ ਸੁਖਜਿੰਦਰ ਸਿੰਘ ਨੂਰ

• ਸ਼ੁੱਕਰਵਾਰ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੀ ਅਰੰਭਤਾ 10 : 30 ਵਜੇ ਹੋਵੇਗੀ 5 ਜੂਨ ਨੂੰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ। • ਸ਼ਨਿੱਚਰਵਾਰ 6 ਜੂਨ ਸ਼ਾਮ ਨੂੰ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।

ਐਤਵਾਰ 7 ਜੂਨ 2026 ਨੂੰ 6:30 ਵਜੇ ਸਵੇਰੇ ਚੋਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਪਹਿਲਾਂ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣਗੇ ਸ੍ਰੀ ਅਖੰਡ ਪਾਠ ਸਾਹਿਬ ਦੇ 10:30 ਪੈਣਗੇ ਉਪਰੰਤ 1:00 ਵਜੇ ਤੱਕ ਦੀਵਾਨ ਸਜਣਗੇ।

ਢਾਡੀ ਜਥਾ ਗਿਆਨੀ ਸੁਖਜਿੰਦਰ ਸਿੰਘ ਜੀ ਨੂਰ ਢਾਡੀ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

• ਤਰਾਂ ਤਰਾਂ ਦੇ ਸਟਾਲ ਵੀ ਲੱਗਣਗੇ • ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778


ਆਵਾਜ਼ਿ ਕੌਮ
AWAZE QAUM
International Newspaper & WEB TV
ੴ ਸਤਿਗੁਰ ਪ੍ਰਸਾਦਿ ॥
ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥
4 ਇੰਟਰਨੈਸ਼ਨਲ
ਮਹਾਨ ਆਤਮ ਰਸ ਕੀਰਤਨ ਦਰਬਾਰ
ਮਿਤੀ 25 ਮਈ 2026 ਦਿਨ ਸੋਮਵਾਰ ਸ਼ਾਮ ਨੂੰ
ਗੁਰਦੁਆਰਾ ਗੁਰੂ ਨਾਨਕ ਸਾਹਿਬ ਜੀ ਮਨੋਹਰ ਨਗਰ
ਆਉਟਰ ਰਿੰਗ ਰੋਡ, ਵਿਕਾਸਪੁਰੀ, ਨਵੀਂ ਦਿੱਲੀ
ਵਿਸ਼ੇਸ਼ ਤੌਰ ਤੇ ਪੁੱਜ ਰਹੇ ਨੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ HSGMC
7:00 ਤੋ 11:00 ਵਜੇ ਤਕ ਆਤਮ ਰਸ ਕੀਰਤਨ ਦਰਬਾਰ
ਭਾਈ ਸੁਰਜੀਤ ਸਿੰਘ ਜੀ ਹਜੂਰੀ ਰਾਗੀ
ਭਾਈ ਦਿਲਵਿੰਦਰ ਸਿੰਘ ਜੀ ਕਾਬੁਲ ਵਾਲੇ
ਭਾਈ ਇੰਦਰਜੀਤ ਸਿੰਘ ਜੀ ਕੰਧਰ ਵਾਲੇ
13 13 ਫੈਮਿਲੀ
ਭਾਈ ਸਤਪਾਲ ਸਿੰਘ ਜੀ ਦਿੱਲੀ ਵਾਲੇ
ਭਾਈ ਬਲਪ੍ਰੀਤ ਸਿੰਘ ਜੀ ਲੁਧਿਆਣਾ ਵਾਲੇ
ਭਾਈ ਜਸਕਰਨ ਸਿੰਘ ਜੀ ਹਜੂਰੀ ਰਾਗੀ ਦਰਬਾਰ ਸਾਹਿਬ
ਭਾਈ ਕਮਲਦੀਪ ਸਿੰਘ ਜੀ ਚੰਬਾ ਵਾਲੇ
Gurdwara Guru Nanak Sahib Ji Malhar Nagar
ਗੁਰੂ ਦਾ ਅਟੁੱਟ ਲੰਗਰ
ਵਲੋਂ : ਭਾਈ ਕਮਲਦੀਪ ਸਿੰਘ ਜੀ ਚੰਬਾ ਵਾਲੇ
+91-9805153151
ਸਹਿਯੋਗੀ ਜਥਾ ਸਿੰਘ ਸਾਹਿਬਾਨ, ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂੰਹ ਸੰਗਤ
LIVE STREAMING
PTC ਸਿਮਰਨ
Amrit Baani ਅੰਮ੍ਰਿਤ ਬਾਣੀ
GSPS GURBANI
Kirtan Pardhana.com
FATEH
ਬਾਣੀ




ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਦਮਦਮੀ ਟਕਸਾਲ ਵਿਖੇ ਮਨਾਏ ਜਾ ਰਹੇ 42ਵੇਂ ਘੱਲੂਘਾਰਾ ਦਿਵਸ ਪ੍ਰਤੀ

# ਸੰਗਤਾਂ 'ਚ ਭਾਰੀ ਉਤਸ਼ਾਹ : ਪ੍ਰਧਾਨ ਅਮਰਬੀਰ ਸਿੰਘ ਢੋਟ

ਚੌਕ ਮਹਿਤਾ, 23 ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ)- ਦਮਦਮੀ ਟਕਸਾਲ ਵੱਲੋਂ ਜੂਨ '84 ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਮਨਾਈ ਜਾ ਰਹੀ 42ਵੀਂ ਸ਼ਹੀਦੀ ਵਰ੍ਹੇਗੰਢ ਸਬੰਧੀ ਅੱਜ ਦਮਦਮੀ ਟਕਸਾਲ ਦੇ ਹੈੱਡਕੁਆਰਟਰ ਗੁ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸੰਤ ਗਿ. ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਪ੍ਰਧਾਨਗੀ ਹੇਠ ਹੋਈ ਵਿਸ਼ੇਸ਼ ਇਕੱਤਰਤਾ 'ਚ ਸ਼ਾਮਿਲ ਹੋਣ ਲਈ ਪੁੱਜੇ ਆਪਣੇ ਸਾਥੀਆਂ ਨਾਲ ਪੁੱਜੇ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਅਮਰਬੀਰ ਸਿੰਘ ਢੋਟ ਨੇ ਕਿਹਾ ਕਿ ਦਮਦਮੀ ਟਕਸਾਲ ਵਿਖੇ 1 ਤੋਂ 6 ਜੂਨ ਤੱਕ ਹੋ ਰਹੇ ਸ਼ਹੀਦੀ ਸਮਾਗਮਾਂ ਨੂੰ ਲੈ ਕੇ ਦੇਸ਼-ਵਿਦੇਸ਼ ਦੀਆਂ ਸੰਗਤਾਂ 'ਚ ਭਾਰੀ ਉਤਸ਼ਾਹ ਹੈ ਤੇ ਇਨ੍ਹਾਂ ਸਮਾਗਮਾਂ 'ਚ ਹਾਜ਼ਰੀ ਭਰਨ ਲਈ ਲੱਖਾਂ ਦੀ ਗਿਣਤੀ 'ਚ ਸੰਗਤਾਂ ਮਹਿਤਾ ਵਿਖੇ ਪਹੁੰਚ ਰਹੀਆਂ ਹਨ। ਉਨ੍ਹਾਂ ਕਿਹਾ ਕਿ ਦਮਦਮੀ ਟਕਸਾਲ ਮੁਖੀ ਵੱਲੋਂ ਜਿੱਥੇ ਬਾਣੀ ਤੇ ਬਾਣੇ ਦੇ ਪ੍ਰਸਾਰ ਲਈ ਵੱਡੀਆਂ ਪੰਥਕ ਸੇਵਾਵਾਂ ਨਿਭਾਈਆਂ ਜਾਣਾ ਬੇਹੱਦ ਸ਼ਲਾਘਾਯੋਗ ਹੈ, ਉੱਥੇ ਹੀ ਉਨਾਂ ਵੱਲੋਂ ਤੀਸਰੇ ਘੱਲੂਘਾਰੇ ਦੀ ਯਾਦ ਨੂੰ ਹਰ ਸਾਲ ਵਿਸ਼ਾਲ ਪੱਧਰ 'ਤੇ ਮਨਾਇਆ ਜਾਣਾ ਸਿੱਖ ਪੰਥ ਲਈ ਬਹੁਤ ਵੱਡਾ ਉਪਰਾਲਾ ਹੈ। ਉਨ੍ਹਾਂ ਦੀ ਯੋਗ ਅਗਵਾਈ ਹੇਠ ਇਸ ਸਾਲ ਵੀ ਤੀਸਰੇ ਘੱਲੂਘਾਰੇ ਦੀ 42ਵੀਂ ਵਰ੍ਹੇਗੰਢ ਦਮਦਮੀ ਟਕਸਾਲ ਵਿਖੇ ਪੂਰੇ ਉਤਸ਼ਾਹ ਤੇ ਸ਼ਰਧਾ ਨਾਲ ਮਨਾਈ ਜਾਵੇਗੀ, ਜਿਸ ਦੌਰਾਨ ਸ਼ਹੀਦੀ ਜੋੜ ਮੇਲੇ ਦੇ ਰੂਪ 'ਚ ਹੋਣ ਵਾਲੇ ਵੱਡੇ ਪੰਥਕ ਇਕੱਠ ਅੰਦਰ ਸੰਗਤਾਂ ਵੱਧ-ਚੜ੍ਹ ਕੇ ਹਾਜ਼ਰੀ ਭਰਨਗੀਆਂ ਤੇ ਆਪਣੇ ਸ਼ਹੀਦਾਂ ਨੂੰ ਸਨਮਾਨ ਸਹਿਤ ਸ਼ਰਧਾਂਜਲੀ ਅਰਪਿਤ ਕਰਦੇ ਹੋਏ ਕੌਮ ਦੀ ਚੜ੍ਹਦੀ ਕਲਾ ਲਈ ਅਰਦਾਸ-ਬੇਨਤੀ 'ਚ ਸ਼ਾਮਿਲ ਹੋਣਗੀਆਂ। ਇਸ ਮੌਕੇ ਤੇ ਸਿੱਖ ਸਟੂਡੈਂਟ ਫੈਡਰੇਸ਼ਨ ਪ੍ਰਧਾਨ ਅਮਰਬੀਰ ਸਿੰਘ ਢੋਟ ਤੋਂ ਇਲਾਵਾ ਡਾ, ਅਵਤਾਰ ਸਿੰਘ ਬੁੱਟਰ, ਗੁਰਮੁੱਖ ਸਿੰਘ ਮੋਹਨ ਭੰਡਾਰੀ, ਬਲਵਿੰਦਰ ਸਿੰਘ ਰਾਜੋਕੇ, ਹਵਿੰਦਰ ਸਿੰਘ ਕੰਗ, ਗੁਰਦੀਪ ਸਿੰਘ ਸੁਰਸਿੰਘ, ਰਤਨ ਸਿੰਘ, ਕੁਲਬੀਰ ਸਿੰਘ ਵਿੱਕੀ, ਸਿਮਰਨਜੀਤ ਸਿੰਘ ਭੁੱਲਰ ਆਦਿ ਆਗੂ ਹਾਜਰ ਸਨ।



### ਹੋਣਹਾਰ ਵਿਦਿਆਰਥਣ ਅਸ਼ਮੀਤ ਕੌਰ ਨੇ ਸੰਤ ਗਿ. ਹਰਨਾਮ ਸਿੰਘ ਖਾਲਸਾ ਤੋਂ ਲਿਆ ਆਸ਼ੀਰਵਾਦ

# ਖਾਲਸਾ ਅਕੈਡਮੀ ਮਹਿਤਾ ਦੀ ਟਾਪਰ ਰਹਿ ਕੇ ਕਾਮਰਸ ਗਰੁੱਪ 'ਚ 96 ਫੀਸਦੀ ਅੰਕ ਕੀਤੇ ਹਾਸਲ



**ਚੌਕ ਮਹਿਤਾ**, 22 (**ਬਾਬਾ ਸੁਖਵੰਤ ਸਿੰਘ ਚੰਨਣਕੇ**)-ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ ਪ੍ਰਧਾਨ ਸੰਤ ਸਮਾਜ ਦੀ ਸੁਯੋਗ ਰਹਿਨੁਮਾਈ ਹੇਠ ਚੱਲ ਰਹੇ ਨਾਮਵਰ ਵਿਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਅਕੈਡਮੀ ਮਹਿਤਾ (ਸੀ.ਬੀ.ਐੱਸ.ਈ.) ਦੀ 12ਵੀਂ ਜਮਾਤ ਦੇ ਕਾਮਰਸ ਗਰੁੱਪ 'ਚ 96 ਫੀਸਦੀ ਅੰਕ ਹਾਸਲ ਕਰਕੇ ਸਕੂਲ ਦੀ ਟਾਪਰ ਰਹੀ ਹੋਣਹਾਰ ਵਿਦਿਆਰਥਣ ਅਸ਼ਮੀਤ ਕੌਰ ਸਪੁੱਤਰੀ ਡਾ.ਅਵਤਾਰ ਸਿੰਘ ਬੁੱਟਰ ਦਾ ਅੱਜ ਇੱਥੇ ਦਮਦਮੀ ਟਕਸਾਲ ਵਿਖੇ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ, ਜਿਸ ਦੌਰਾਨ ਉਨ੍ਹਾਂ ਨੇ ਬੱਚੀ ਨੂੰ ਸਿਰਪਾਓ ਦਿੰਦੇ ਹੋਏ ਚੰਗੇਰੇ ਭਵਿੱਖ ਲਈ ਆਪਣਾ ਆਸ਼ੀਰਵਾਰ ਦਿੱਤਾ।

ਇਸ ਮੌਕੇ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਕਿਹਾ ਮਾਪਿਆਂ ਨੂੰ ਲੜਕਿਆਂ ਵਾਂਗ ਲੜਕੀਆਂ ਨੂੰ ਵੀ ਪੜਨ ਲਿਖਣ ਦਾ ਪੂਰਨ ਅਵਸਰ ਦੇਣਾ ਚਾਹੀਦਾ ਹੈ ਤਾਂ ਜੋ ਉਹ ਵੀ ਇੱਕ ਕਾਮਯਾਬ ਤੇ ਸਨਮਾਨਦਾਇਕ ਰੁੱਤਬਾ ਹਾਸਲ ਕਰਕੇ ਇਸ ਸਮਾਜ 'ਚ ਵਿਚਰ ਸਕਣ ਤੇ ਆਪਣੀ ਇੱਕ ਪਹਿਚਾਣ ਬਣਾ ਸਕਣ ਉਨ੍ਹਾਂ ਨੇ ਕਿਹਾ ਕਿ ਅਸ਼ਮੀਤ ਕੌਰ ਦੀ ਕਾਮਯਾਬੀ ਹੋਰਨਾਂ ਲਈ ਬਹੁਤ ਪ੍ਰੇਰਨਾਦਾਇਕ ਹੈ। ਇਸ ਮੌਕੇ ਡਾ.ਅਵਤਾਰ ਸਿੰਘ ਬੁੱਟਰ, ਦਸ਼ਮੇਸ਼ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਹਰਸ਼ਦੀਪ ਸਿੰਘ ਰੰਧਾਵਾ, ਭਾਈ ਜਸਪਾਲ ਸਿੰਘ ਸਿੱਧੂ ਪਰਧਾਨ ਸਿੱਖ ਕੋ-ਆਰਡੀਨੇਸ਼ਨ ਕਮੇਟੀ ਮਹਾਰਾਸ਼ਟਰ ਸਰਕਾਰ, ਭਾਈ ਅਮਰਬੀਰ ਸਿੰਘ ਢੋਟ ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ ਮਹਿਤਾ ਤੇ ਭਾਈ ਹਰਭਜਨ ਸਿੰਘ ਸੂਸਾਂ ਵੀ ਮੌਜੂਦ ਸਨ।

### ਆਲ ਇੰਡੀਆ ਜਾਟ ਮਹਾਂਸਭਾ ਨੇ

# ਚੌਧਰੀ ਮਹਿੰਦਰ ਸਿੰਘ ਟਿਕੈਤ ਦੀ ਬਰਸੀ ਮਨਾਈ

**ਚੌਕ ਮਹਿਤਾ**, 23 **ਮਈ** (**ਬਾਬਾ ਸੁਖਵੰਤ ਸਿੰਘ ਚੰਨਣਕੇ**)-ਕਿਸਾਨ ਨੇਤਾ ਚੌਧਰੀ ਮਹਿੰਦਰ ਸਿੰਘ ਟਿਕੈਤ ਦੀ 15ਵੀਂ ਬਰਸੀ ਦੀ ਆਲ ਇੰਡੀਆ ਜਾਟ ਮਹਾਸਭਾ ਨੇ ਨਵੀਂ ਦਿੱਲੀ ਦੇ ਕਲੱਬ ਆਫ਼ ਇੰਡੀਆ ਵਿਖੇ ਕਿਸਾਨਾਂ ਦੇ ਮਸੀਹਾ ਨੂੰ ਸ਼ਰਧਾਂਜਲੀ ਸਭਾ ਤੇ ਸੈਮੀਨਾਰ ਦੇ ਰੂਪ 'ਚ ਮਨਾਈ, ਜਿਸ 'ਚ ਦੇਸ਼ ਭਰ ਦੇ ਪ੍ਰਮੁੱਖ ਰਾਜਨੀਤਿਕ, ਸਮਾਜਿਕ ਅਤੇ ਕਿਸਾਨ ਆਗੂਆਂ ਨੇ ਟਿਕੈਤ ਦੇ ਸੰਘਰਸ਼ਾਂ, ਕਿਸਾਨ ਅੰਦੋਲਨਾਂ ਵਿਚ ਉਨ੍ਹਾਂ ਦੇ ਇਤਿਹਾਸਕ ਯੋਗਦਾਨ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਇਸ ਸਮਾਗਮ ਵਿਚ ਸ਼ਿਰਕਤ ਕੀਤੀ। ਇਸ ਸਮਾਗਮ ਦੀ ਪ੍ਰਧਾਨਗੀ ਜਸਪਾਲ ਸਿੰਘ ਸਿੱਧੂ ਨੇ ਕੀਤੀ, ਜਿਸ ਵਿਚ ਮੋਹਿਤ ਤੋਮਰ ਸਮਾਰੋਹ ਦੇ ਮੁਖੀ ਵਜੋਂ ਸੇਵਾ ਨਿਭਾਅ ਰਹੇ ਸਨ।



ਇਹ ਜਾਣਕਾਰੀ ਦਿੰਦਿਆਂ ਜੱਟ ਮਹਾਂਸਭਾ ਦੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਮਾਨ ਜਲਾਲ ਉਸਮਾ ਨੇ ਦੱਸਿਆ ਕਿ ਇਸ ਸਮਾਗਮ ਵਿਚ ਹਿੱਸਾ ਲੈਣ ਵਾਲਿਆਂ ਵਿਚ ਜੰਮੂ ਤੇ ਕਸ਼ਮੀਰ ਦੇ ਉਪ ਮੁੱਖ ਮੰਤਰੀ ਸੁਰੇਂਦਰ ਚੌਧਰੀ, ਰੋਹਤਕ ਦੇ ਸੰਸਦ ਮੈਂਬਰ ਦੀਪੇਂਦਰ ਸਿੰਘ ਹੁੱਡਾ, ਸੰਸਦ ਮੈਂਬਰ ਸੁਧਾਕਰ ਸਿੰਘ, ਰਾਜ ਸਭਾ ਮੈਂਬਰ ਸੰਜੇ ਸਿੰਘ, ਮੁਜ਼ੱਫਰਨਗਰ ਦੇ ਸੰਸਦ ਮੈਂਬਰ ਹਰਿੰਦਰ ਮਲਿਕ, ਸਮਾਜਵਾਦੀ ਪਾਰਟੀ ਦੇ ਬੁਲਾਰੇ ਮਨੋਜ ਸਿੰਘ ਕਾਕਾ, ਰਾਜ ਕੁਮਾਰ ਭਾਟੀ, ਭਾਰਤੀ ਕਿਸਾਨ ਯੂਨੀਅਨ (ਬੀਕੇਯੂ) ਦੇ ਰਾਸ਼ਟਰੀ ਬੁਲਾਰੇ ਚੌਧਰੀ ਰਾਕੇਸ਼ ਟਿਕੈਤ, ਬੀਕੇਯੂ ਅਤੇ ਆਲ ਇੰਡੀਆ ਜਾਟ ਮਹਾਂਸਭਾ ਦੇ ਰਾਸ਼ਟਰੀ ਜਨਰਲ ਸਕੱਤਰ ਚੌਧਰੀ ਯੁੱਧਵੀਰ ਸਿੰਘ, ਆਲ ਇੰਡੀਆ ਜਾਟ ਮਹਾਂਸਭਾ ਦੇ ਰਾਸ਼ਟਰੀ ਸੀਨੀਅਰ ਉਪ-ਪ੍ਰਧਾਨ ਅਤੇ ਪੰਜਾਬ ਦੇ ਪ੍ਰਧਾਨ ਹਰਪਾਲ ਸਿੰਘ ਹਰਪੁਰਾ, ਆਲ ਇੰਡੀਆ ਜਾਟ ਮਹਾਂਸਭਾ ਦੇ ਰਾਸ਼ਟਰੀ ਸਕੱਤਰ ਚੌਧਰੀ ਧਰਮਵੀਰ ਸਿੰਘ ਜਾਦੋਂ ਅਤੇ ਸੰਸਦ ਮੈਂਬਰ ਸੁਧਾਕਰ ਸਿੰਘ ਸਮੇਤ ਹੋਰ ਪਤਵੰਤੇ ਸ਼ਾਮਿਲ ਸਨ, ਜਿਨ੍ਹਾਂ ਨੇ ਇਕ ਮਤ ਹੁੰਦਿਆਂ ਕਿਹਾ ਕਿ ਸਵ: ਟਿਕੈਤ ਨੇ ਕਿਸਾਨਾਂ ਨੂੰ ਆਪਣਾ ਸਿਰ ਉੱਚਾ ਕਰਕੇ ਜੀਣਾ ਸਿਖਾਇਆ। ਬੁਲਾਰਿਆਂ ਨੇ ਇਹ ਵੀ ਕਿਹਾ ਕਿ ਚੌਧਰੀ ਮਹਿੰਦਰ ਸਿੰਘ ਟਿਕੈਤ ਸਿਰਫ਼ ਇਕ ਵਿਅਕਤੀ ਨਹੀਂ ਸਨ, ਸਗੋਂ ਸੰਘਰਸ਼, ਸਵੈ-ਮਾਣ ਤੇ ਕਿਸਾਨਾਂ ਦੇ ਅਧਿਕਾਰਾਂ ਲਈ ਸਭ ਤੋਂ ਮਜ਼ਬੂਤ ਆਵਾਜ਼ ਸਨ। ਇਸ ਮੌਕੇ ਅਜਾਇਬ ਸਿੰਘ ਬੋਪਾਰਾਏ ਜਨਰਲ ਸਕੱਤਰ ਤੇ ਇੰਚਾਰਜ ਜੱਟ ਮਹਾਂਸਭਾ ਅਮਰਦੀਪ ਸਿੰਘ ਜ਼ਿਲ੍ਹਾ ਪ੍ਰਧਾਨ ਪਟਿਆਲਾ, ਮਿਹਰ ਸਿੰਘ ਚੁਤਾਲਾ ਜ਼ਿਲ੍ਹਾ ਤਰਨਤਾਰਨ, ਸੁਖਬੀਰ ਸਿੰਘ ਮਿਨਹਾਸ ਅਡਵਾਈਜ਼ਰ ਤੇ ਜਸਪ੍ਰੀਤ ਸਿੰਘ ਨਰਵਾਲ ਸੈਕਟਰੀ ਵੀ ਹਾਜ਼ਰ ਸਨ।

# ਗੌਰਮਿੰਟ ਪੈਨਸ਼ਨਰਜ ਵੈਲਫੇਅਰ ਐਸੋਸੀਏਸ਼ਨ ਧੂਰੀ ਦਾ ਵਫਦ ਖਜਾਨਾ ਅਫਸਰ ਨੂੰ ਮਿਲਿਆ



**ਧੂਰੀ ( ਰਣਜੀਤ ਸਿੰਘ ਪੇਧਨੀ )**-ਗੌਰਮਿੰਟ ਪੈਨਸ਼ਨਰਜ ਵੈਲਫੇਅਰ ਐਸੋਸੀਏਸ਼ਨ ਧੂਰੀ ਦਾ ਵਫਦ ਯੂਨਿਟ ਪ੍ਰਧਾਨ ਜੈਦੇਵ ਸਰਮਾ , ਕੁਲਵੰਤ ਸਿੰਘ ਵਰਨ ਤੇ ਹਰਦੇਵ ਸਿੰਘ ਜਵੰਧਾ ਦੀ ਅਗਵਾਈ ਹੇਠ ਖਜਾਨਾ ਅਫਸਰ ਧੂਰੀ ਨੂੰ ਮਿਲਿਆ। ਵਫਦ ਨੇ ਖਜਾਨਾ ਅਫਸਰ ਨਾਲ 01/01/2016 ਤੋਂ ਬਾਅਦ ਸੇਵਾਮੁਕਤ ਹੋਏ ਪੈਨਸ਼ਨਰਾਂ ਨੂੰ ਛੇਵੇਂ ਤਨਖਾਹ ਕਮਿਸ਼ਨ ਦੇ ਮਿਲਣ ਵਾਲੇ ਬਕਾਏ ਸਬੰਧੀ ਵਿਚਾਰ ਚਰਚਾ ਕੀਤੀ । ਵਫਦ ਨੇ ਕਿਹਾ ਬਕਾਏ ਦੇ ਬਿਲਾਂ ਉੱਤੇ ਵਾਰ ਵਾਰ ਇਤਰਾਜ ਲਾਉਣ ਤੋਂ ਗੁਰੇਜ ਕੀਤਾ ਜਾਵੇ ਜੇਕਰ ਬਹੁਤ ਜਰੂਰੀ ਹੋਵੇ ਤਾਂ ਇੱਕ ਵਾਰ ਹੀ ਇਤਰਾਜ ਲਾਏ ਜਾਣ ਖਜਾਨਾ ਅਫਸਰ ਨੇ ਵਫਦ ਨੂੰ ਭਰੋਸਾ ਦਿਵਾਇਆ ਕਿ ਬਿਲਾਂ ਤੇ ਜੇਕਰ ਲੋੜ ਹੋਵੇਗੀ ਤਾਂ ਸਿਰਫ ਇੱਕ ਵਾਰ ਹੀ ਇਤਰਾਜ ਲਾਇਆ ਜਾਵੇਗਾ । ਪੈਨਸ਼ਨਰਾਂ ਨੂੰ ekyc ਸਬੰਧੀ ਆ ਰਹੀਆਂ ਸਮੱਸਿਆਵਾਂ ਵਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ । ਵਫਦ ਵਿੱਚ ਸ੍ਰ ਬਚਿੱਤਰ ਸਿੰਘ ਸੇਰਪੁਰ, ਸੁਖਦੇਵ ਸਿੰਘ ਖੰਗੂੜਾ , ਰਣਜੀਤ ਸਿੰਘ ਬਰੜਵਾਲ, ਦਿਆਲ ਸਿੰਘ ਧੂਰਾ ਤੇ ਜੀਤ ਸਿੰਘ ਧੰਦੀਵਾਲ ਵੀ ਸਾਮਿਲ ਸਨ।

# ਸਿਹਤ ਬੀਮਾ ਯੋਜਨਾ ਦੇ 10 ਲੱਖ ਰੁਪਏ ਦੇ ਕਾਰਡ ਫ੍ਰੀ ਇਲਾਜ ਲਈ ਅੱਡਾ ਨਾਥ ਦੀ ਖੂਹੀ 'ਤੇ ਕੈਂਪ ਲਗਾਇਆ



ਚੌਕ ਮਹਿਤਾ, 22 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ) ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋੜਵੰਦਾਂ ਦੀ ਸਹਾਇਤਾ ਲਈ, 10 ਲੱਖ ਰੁਪਏ ਇਲਾਜ਼ ਲਈ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਨਿਰਾ ਨਿਰਦੇਸ਼ਾਂ ਅਨੁਸਾਰ ਬਲਾਕ ਪ੍ਰਧਾਨ ਸਮਾਜ ਸੇਵੀ ਮੈਡਮ ਰਾਜਦੀਪ ਕੌਰ ਰੰਧਾਵਾ ਅਤੇ ਸਰਪੰਚ ਲਖਵਿੰਦਰ ਸਿੰਘ ਰੰਧਾਵਾ ਦੀ ਅਗਵਾਈ ਹੇਠ ਅੱਡਾ ਨਾਥ ਦੀ ਖੂੱਹੀ ਵਿੱਖੇ ਫ੍ਰੀ ਕੈਂਪ ਲਗਾਇਆ ਗਿਆ। ਜਿਸ ਵਿਚ ਹਰ ਤਰ੍ਹਾਂ ਦੇ ਕਾਰਡ ਬਣਾਏ ਗਏ। ਇਸ ਮੌਕੇ ਤੇ ਮੈਡਮ ਰਾਜਦੀਪ ਕੌਰ ਰੰਧਾਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਹਰ ਪ੍ਰਕਾਰ ਦੀਆਂ ਸਹੂਲਤਾਂ ਨੂੰ ਘਰ ਘਰ ਵਿੱਚ ਪਾਉਂਚ ਕੀਤੀ ਜਾਵੇਗੀ। ਇਸ ਮੌਕੇ ਤੇ ਮੈਡਮ ਰਾਜਦੀਪ ਕੌਰ ਰੰਧਾਵਾ, ਸਰਪੰਚ ਲਖਵਿੰਦਰ ਸਿੰਘ ਰੰਧਾਵਾ ਕਵਲਜੀਤ ਸਿੰਘ ਰੰਧਾਵਾ, ਮੈਂਬਰ ਸਕਤੀ ਸਿੰਘ ਆਦਿ ਆਗੂ ਹਾਜਰ ਸਨ।

ਅੱਜ 23 ਮਈ ਨੂੰ ਕਿਵਾੜ ਖੁੱਲਣ 'ਤੇ ਵਿਸ਼ੇਸ਼

# ਗੁਰਦੁਆਰਾ ਸ਼੍ਰੀ ਹੇਮਕੁੰਟ ਸਾਹਿਬ



**ਮਹਾਨ** ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਹੇਮਕੁੰਟ, ਹੇਮਕੁੰਡ ਅਤੇ ਹੇਮਕੂਟ ਦਾ ਸ਼ਾਬਦਿਕ ਅਰਥ ਹੈ ਹਿਮਾਲਿਆ ਦੀ ਧਾਰਾ ਵਿੱਚ ।ਇੰਦ੍ਰਦਯੁਮਨਸਰ ਕੋਲ ਹੇਮਕੂਟ ਪਰਬਤ ਹੈ ਜਿਸ ਦਾ ਜ਼ਿਕਰ ਮਹਾਂਭਾਰਤ ਦੇ ਆਦਿ ਪਰਬ ਦੇ 119ਵੇਂ ਅਧਿਆਏ ਵਿੱਚ ਆਇਆ ਹੈ। 'ਇੰਦ੍ਰਦਯੁਮਨਸਰ ਪ੍ਰਾਪਯ ਹੇਮਕੂਟ ਮਤੀਤਯਚ' ਪਟਨੇ ਦੇ ਜ਼ਿਲ੍ਹੇ ਰਾਜਗਿਰੀ ਦੇ ਪੰਜ ਪਹਾੜਾਂ 'ਚੋਂ 'ਰਤਨਗਿਰਿ' ਦਾ ਨਾਂ ਵੀ ਹੇਮਕੂਟ ਹੈ। ਦਸਮ ਗ੍ਰੰਥ ਵਿੱਚ ਵੀ ਹੇਮਕੁੰਟ ਬਾਰੇ ਜ਼ਿਕਰ ਹੈ।

**ਹੇਮਕੁੰਟ ਪਰਬਤ ਹੈ ਜਹਾਂ॥**
**ਸਪਤ ਸ੍ਰਿੰਗ ਸੋਭਿਤ ਹੈ ਤਹਾਂ॥**
**(ਦਸਮ ਗ੍ਰੰਥ, ਅੰਗ 54)**

ਸ਼੍ਰੀ ਹੇਮਕੁੰਟ ਸਾਹਿਬ ਦੇ ਅਸਥਾਨ ਤੇ ਦਸਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੂਰਬਲੇ ਜਨਮ ਵਿੱਚ ਦੁਸ਼ਟ-ਦਮਨ ਦੇ ਰੂਪ ਵਿੱਚ ਅਕਾਲ ਪੁਰਖ ਦਾ ਸਿਮਰਨ ਕੀਤਾ। ਸ਼੍ਰੀ ਹੇਮਕੁੰਟ ਸਾਹਿਬ ਦਾ ਅਸਥਾਨ ਉੱਤਰ ਪ੍ਰਦੇਸ਼ ਵਿੱਚ ਹਰਿਦੁਆਰ, ਰਿਸ਼ੀਕੇਸ, ਸ਼੍ਰੀ ਨਗਰ ਗੜਵਾਲ, ਕਰੁਣ ਪ੍ਰਯਾਗ, ਪਿੱਪਲਕੋਟੀ, ਜੋਸ਼ੀ ਮੱਠ, ਗੋਬਿੰਦ ਘਾਟ, ਗੋਬਿੰਦ ਧਾਮ ਤੋਂ ਉੱਪਰ ਸਮੁੰਦਰ ਦੀ ਸਤਹ ਤੋਂ 15210 ਫੁੱਟ ਦੀ ਉਚਾਈ 'ਤੇ ਹੈ। ਇਸ ਪਵਿੱਤਰ ਅਸਥਾਨ ਦੀ ਯਾਤਰਾ ਲਈ ਆਉਣ ਵਾਲੇ ਪ੍ਰਮੁੱਖ ਪੜਾਵਾਂ 'ਚੋਂ ਰਿਸ਼ੀਕੇਸ਼ ਨੰਬਰ ਇੱਕ 'ਤੇ ਹੈ। ਇੱਥੇ ਗੁਰਦੁਆਰਾ ਸਾਹਿਬ ਦੀ ਆਲੀਸ਼ਾਨ ਇਮਾਰਤ ਹੈ। ਸੰਗਤਾਂ ਦੇ ਰਹਿਣ ਵਾਸਤੇ ਵੱਡੀ ਗਿਣਤੀ ਵਿੱਚ ਕਮਰੇ ਬਣੇ ਹੋਏ ਹਨ। ਜੇਕਰ ਯਾਤਰੂ ਸੰਗਤਾਂ ਨੂੰ ਕਮਰੇ ਨਾ ਵੀ ਮਿਲਣ ਤਾਂ ਉਹ ਵੱਖ-ਵੱਖ ਤਰ੍ਹਾਂ ਦੀਆਂ ਸਹੂਲਤਾਂ ਵਾਲੇ ਸਸਤੇ, ਮਹਿੰਗੇ ਹੋਟਲ ਵੀ ਕਾਫ਼ੀ ਗਿਣਤੀ ਵਿੱਚ ਮੌਜੂਦ ਹਨ, ਉਹਨਾਂ ਵਿੱਚ ਰਾਤ ਕੱਟ ਸਕਦੇ ਹਨ। ਹਰਿਦੁਆਰ ਤੋਂ 28 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਪੁਰਾਤਨ ਸ਼ਹਿਰ ਨੂੰ ਰਿਸ਼ੀਆਂ ਦਾ ਘਰ ਕਿਹਾ ਜਾਂਦਾ ਹੈ। ਰੇਲਵੇ ਦਾ ਇਹ ਆਖਰੀ ਸਟੇਸ਼ਨ ਹੈ। ਇੱਥੋਂ ਪਹਾੜੀ ਸਫ਼ਰ ਸ਼ੁਰੂ ਹੁੰਦਾ ਹੈ। ਯਾਤਰੀ ਆਪਣੇ ਨਾਲ ਦਵਾਈ, ਹਲਕਾ ਭੋਜਨ ਲੈ ਕੇ ਚੱਲਣ ।ਆਮ ਤੌਰ 'ਤੇ ਦੇਖਿਆ ਗਿਆ ਹੈ ਕਿ ਕਾਫ਼ੀ ਯਾਤਰੀਆਂ ਨੂੰ ਉਲਟੀਆਂ ਆ ਜਾਂਦੀਆਂ ਹਨ। ਇਸ ਸਮੱਸਿਆ ਤੋਂ ਬਚਣ ਲਈ ਸਾਰੀ ਯਾਤਰਾ ਦੌਰਾਨ ਹਲਕਾ ਭੋਜਨ ਲਉ। ਪਹਾੜੀ ਯਾਤਰਾ ਸ਼ੁਰੂ ਹੋਣ ਸਾਰ ਹੀ ਜੇਕਰ ਦਵਾਈ ਲੈ ਲਈ ਜਾਵੇ ਤਾਂ ਹੋਰ ਵੀ ਵਧੀਆ ਹੈ। ਰਿਸ਼ੀਕੇਸ਼ ਮਗਰੋਂ ਰਸਤਾ ਵਲ-ਵਲੇਵੇਂ ਖਾਂਦੀਆਂ ਸੜਕਾਂ, ਇੱਕ ਪਾਸੇ ਅੰਤਾਂ ਦੀ ਡੂੰਘਾਈ ਵਿੱਚ ਵਹਿੰਦੀ ਗੰਗਾ, ਦੂਜੇ ਪਾਸੇ ਅਸਮਾਨ ਛੂੰਹਦੇ ਪਹਾੜ ਰਸਤੇ ਵਿੱਚ ਥਾਂ-ਥਾਂ ਚੱਲ ਰਹੇ ਪਾਣੀ ਦੇ ਝਰਨੇ ਅਤੇ ਇਸ ਨੂੰ ਮੋਹ ਲੈਣ ਵਾਲੀ ਹਰਿਆਵਲ ਦੇਖ ਕੇ ਮਨ ਖਿੜ ਉੱਠਦਾ ਹੈ। ਰਿਸ਼ੀਕੇਸ਼ ਤੋਂ 104 ਕਿਲੋਮੀਟਰ ਅਤੇ ਸ਼੍ਰੀ ਨਗਰ ਗੜਵਾਲ ਤੋਂ 252 ਕਿਲੋਮੀਟਰ ਦੇ ਫਾਸਲੇ ਤੇ ਜੋਸ਼ੀ ਮੱਠ ਦਾ ਅਸਥਾਨ ਹੈ। ਜੋਸੀਮੱਠ ਸ਼ੰਕਰਾਚਾਰੀਆ ਦੁਆਰਾ ਸਥਾਪਿਤ ਚਾਰ ਮੱਠਾਂ 'ਚੋਂ ਇੱਕ ਹੈ। ਸਮੁੰਦਰ ਤੱਟ ਤੋਂ ਇਸ ਦੀ ਉਚਾਈ 6000 ਫੁੱਟ ਹੈ। ਹੇਮ ਗੰਗਾ ਅਤੇ ਅਲਕਨੰਦਾ ਦੇ ਸੰਗਮ ਤੇ ਗੁਰਦੁਆਰਾ ਗੋਬਿੰਦ ਘਾਟ ਸਥਿਤ ਹੈ। ਇੱਥੇ ਸ਼੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟ੍ਰਸਟ ਵੱਲੋਂ ਰਿਹਾਇਸ਼ ਤੇ ਲੰਗਰ ਦਾ ਯਾਤਰੀਆਂ ਲਈ ਸੁਚੱਜਾ ਪ੍ਰਬੰਧ ਹੈ। ਇੱਥੇ ਸੰਗਤ ਨੂੰ ਰਾਤ ਵਿਸ਼ਰਾਮ ਕਰਨ ਲਈ ਕੰਬਲ ਦਿੱਤੇ ਜਾਂਦੇ ਹਨ। ਯਾਤਰੂਆਂ ਦੇ ਸਮਾਨ ਲਈ ਗੱਠੜੀ ਘਰ ਹੈ। ਇੱਥੇ ਇੱਕ ਡਿਸਪੈਂਸਰੀ ਵੀ ਹੈ, ਜਿੱਥੋਂ ਲੋੜਵੰਦ, ਯਾਤਰੂ ਦਵਾਈ, ਮਲ੍ਹਮ-ਪੱਟੀ ਆਦਿ ਲੈ ਸਕਦੇ ਹਨ।

ਗੁਰਦੁਆਰਾ ਗੋਬਿੰਦ ਘਾਟ ਤੋਂ ਹੇਮਕੁੰਟ ਸਾਹਿਬ ਲਈ ਪੈਦਲ ਯਾਤਰਾ ਆਰੰਭ ਹੁੰਦੀ ਹੈ। ਯਾਤਰੀ ਗੱਡੀਆਂ ਪਾਰਕਿੰਗ ਕਰਕੇ ਆਪਣਾ ਸਮਾਨ ਅਟੈਂਚੀਕੇਸ, ਬੈਗ, ਬਿਸਤਰੇ ਤੇ ਨਕਦੀ/ਕੈਸ਼ ਅਮਾਨਤ ਵਜੋਂ ਗੋਬਿੰਦ ਘਾਟ ਦੇ ਗੁਰਦੁਆਰਾ ਸਾਹਿਬ ਵਿੱਚ ਪ੍ਰਬੰਧਕਾਂ ਕੋਲ ਜਮ੍ਹਾ ਕਰਵਾ ਕੇ ਅੱਗੇ ਯਾਤਰਾ ਲਈ ਚੱਲਦੇ ਹਨ। ਗੁਰਦੁਆਰਾ ਗੋਬਿੰਦ ਘਾਟ ਵਿਖੇ ਪੰਜ ਪਿਆਰਿਆਂ ਵੱਲੋਂ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਜਾਂਦਾ ਹੈ। ਹਰ ਯਾਤਰੂ ਨੂੰ ਹੇਮਕੁੰਟ ਸਾਹਿਬ ਪਹੁੰਚਣ ਤੋਂ ਪਹਿਲਾਂ ਅੰਮ੍ਰਿਤ ਛਕ ਕੇ ਜਾਣਾ ਚਾਹੀਦਾ ਹੈ। ਤਾਂ ਹੀ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਹੁੰਦੀਆਂ ਹਨ।

ਗੋਬਿੰਦ ਘਾਟ ਤੋਂ ਗੋਬਿੰਦ ਧਾਮ ਦੀ 12 ਕਿਲੋਮੀਟਰ ਪੈਂਦਲ ਯਾਤਰਾ ਸੁੰਮਵਾਲੀ ਸੋਟੀ ਦੇ ਸਹਾਰੇ, ਸਤਿਨਾਮੁ-ਵਾਹਿਗੁਰੂ ਦਾ ਜਾਪ ਕਰਦਿਆਂ, ਉੱਚੇ ਨੀਵੇਂ ਰਸਤੇ 'ਤੇ ਪੈਦਲ ਚੱਲਦੀਆਂ ਸੰਗਤਾਂ ਕੁਦਰਤੀ ਦਰਖ਼ਤਾਂ, ਫਲਾਂ, ਫੁੱਲਾਂ ਨੂੰ ਵੇਖਦੀਆਂ ਗੋਬਿੰਦ ਧਾਮ ਪਹੁੰਚਦੀਆਂ ਹਨ। ਇਹ 12 ਕਿਲੋਮੀਟਰ ਦਾ ਸਫ਼ਰ ਤੈਅ ਕਰਨ ਲਈ ਬਜ਼ੁਰਗਾਂ, ਰੋਗੀਆਂ ਅਤੇ ਛੋਟੇ ਬੱਚਿਆਂ ਲਈ ਘੋੜਾ, ਕਾਂਡੀ ਤੇ ਪਿੱਠੂ ਦੀ ਸਵਾਰੀ ਦਾ ਪ੍ਰਬੰਧ ਵੀ ਹੈ। ਇਹ ਕਿਰਾਏ ਤੇ ਮਿਲਦੇ ਹਨ। ਯਾਤਰੂਆਂ ਨੂੰ ਇਸ ਸਫ਼ਰ ਦੌਰਾਨ ਬਿਸਕੁਟ, ਕਾਜੂ, ਮਨੱਕਾ, ਛੁਹਾਰੇ, ਬਦਾਮ, ਅਖਰੋਟ, ਫਰੂਟ, ਨਿੰਬੂ, ਚੂਰਨ, ਟਾਫੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਰਸਤੇ ਵਿੱਚ ਵੀ ਚਾਹ, ਬਿਸਕੁਟ, ਕੋਲਡ ਡਰਿੰਕ, ਪਕੌੜਿਆਂ ਦੀਆਂ ਕਾਫ਼ੀ ਦੁਕਾਨਾਂ ਹਨ। ਪਰ ਉਹਨਾਂ ਤੋਂ ਸਮਾਨ ਬਹੁਤ ਮਹਿੰਗਾ ਮਿਲਦਾ ਹੈ। ਇਹਨਾਂ ਦੇ ਰੇਟ ਆਮ ਰੇਟ (ਕੀਮਤ) ਨਾਲੋਂ ਤਿੰਨ ਗੁਣਾਂ ਹੁੰਦੇ ਹਨ।

ਗੋਬਿੰਦ ਧਾਮ ਵਿਖੇ ਇੱਕ ਬਹੁਤ ਵੱਡਾ ਗੁਰਦੁਆਰਾ ਬਣਿਆ ਹੋਇਆ ਹੈ। ਗੁਰਦੁਆਰਾ ਗੋਬਿੰਦ ਧਾਮ ਵਿਖੇ ਲੰਗਰ, ਚਾਹ, ਦਵਾ-ਦਾਰੂ ਦਾ ਸੁਚੱਜਾ ਪ੍ਰਬੰਧ ਹੈ। ਪਹਾੜਾਂ ਦੀ ਗੋਦ 'ਚ ਏਕਾਂਤ ਵਿੱਚ ਇਸ ਗੁਰਦੁਆਰਾ ਸਾਹਿਬ ਵਿੱਚ ਪਹੁੰਚਦਿਆਂ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਅਸੀਂ ਬ੍ਰਹਿਮੰਡ ਵਿੱਚ ਪਹੁੰਚ ਗਏ ਹੋਈਏ। ਇੱਥੇ ਸ਼ਾਂਤ ਵਾਤਾਵਰਨ ਹੈ, ਕੋਈ ਪ੍ਰਦੂਸ਼ਣ ਨਹੀਂ ਹੈ ਤੇ ਨਾ ਹੀ ਸ਼ੋਰ-ਸ਼ਰਾਬਾ। ਇੱਥੇ ਸਿਰਫ ਤਨ ਤੇ ਮਨ ਦੀ ਸ਼ਾਂਤੀ ਮਿਲਦੀ ਹੈ। ਇੱਥੇ ਹਰ ਸ਼ਰਧਾਲੂ ਨੂੰ ਆਰਾਮ ਕਰਨ ਲਈ ਚਾਰ ਜਾਂ ਪੰਜ ਕੰਬਲ ਦਿੱਤੇ ਜਾਂਦੇ ਹਨ। ਗੋਬਿੰਦ ਧਾਮ ਵਿਖੇ ਸੰਗਤਾਂ ਦੇ ਠਹਿਰਣ ਲਈ ਕਮਰੇ ਅਤੇ ਵੱਡਾ ਹਾਲ ਵੀ ਬਣਿਆ ਹੋਇਆ ਹੈ। ਰਾਤ ਵਿਸ਼ਰਾਮ ਕਰਨ ਉਪਰੰਤ ਅਗਲੇ ਦਿਨ ਸੰਗਤ ਸ਼੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ-ਇਸ਼ਨਾਨ ਲਈ ਰਵਾਨਾ ਹੁੰਦੀ ਹੈ। ਇੱਥੋਂ 7 ਕਿਲੋਮੀਟਰ ਦੀ ਸਖ਼ਤ ਤੇ ਸਿੱਧੀ ਚੜ੍ਹਾਈ ਤੇ ਗੁਰਦੁਆਰਾ ਸ਼੍ਰੀ ਹੇਮਕੁੰਟ ਸਾਹਿਬ ਸਥਿਤ ਹੈ। ਇਸ ਅਸਥਾਨ ਤੇ ਪੱਥਰ ਦੀਆਂ 1160 ਪੌੜੀਆਂ ਰਾਹੀਂ ਵੀ ਚੜ੍ਹ ਕੇ ਪਹੁੰਚਿਆ ਜਾ ਸਕਦਾ ਹੈ। ਗੋਬਿੰਦ ਧਾਮ ਤੋਂ ਹੇਮਕੁੰਟ ਸਾਹਿਬ ਤੱਕ ਜਾਣ ਵਾਲੇ ਰਸਤੇ 'ਤੇ ਸਰਕਾਰ ਵੱਲੋਂ ਇੱਕ ਪੁੱਲ ਬਣਾਇਆ ਗਿਆ ਹੈ। ਗੁਰਦੁਆਰਾ ਗੋਬਿੰਦ ਧਾਮ ਤੋਂ ਸ਼੍ਰੀ ਹੇਮਕੁੰਟ ਸਾਹਿਬ ਤੱਕ ਜਾਣ ਵਾਲੇ ਰਸਤੇ ਨੂੰ ਪੱਕਾ ਕੀਤਾ ਗਿਆ ਹੈ। ਇਸ ਅਸਥਾਨ ਤੇ ਪਹੁੰਚਣ ਲਈ 3 ਤੋਂ 4 ਘੰਟੇ ਤੱਕ ਦਾ ਸਮਾਂ ਲੱਗਦਾ ਹੈ। ਜਿਵੇਂ ਹੀ ਸ਼੍ਰੀ ਹੇਮਕੁੰਟ ਸਾਹਿਬ ਸੰਗਤਾਂ ਨੂੰ ਦਿਖਾਈ ਦੇਣਾ ਸ਼ੁਰੂ ਹੁੰਦਾ ਹੈ ਤਾਂ ਮਨ ਦੀ ਖ਼ੁਸ਼ੀ ਜੈਕਾਰਿਆਂ ਦੀ ਗੂੰਜ ਵਿੱਚ ਬਦਲ ਜਾਂਦੀ ਹੈ। ਇਸ ਤੀਰਥ ਅਸਥਾਨ ਦੇ ਇੱਕ ਪਾਸੇ ਵਿਸ਼ਾਲ ਸਰੋਵਰ ਹੈ। ਜਿਸ ਦੇ ਸ਼ੁੱਧ ਤੇ ਠੰਡੇ ਜਲ ਵਿੱਚ ਇਸ਼ਨਾਨ ਕਰਦਿਆਂ ਹੀ 19 ਕਿਲੋਮੀਟਰ ਦੀ ਪੈਦਲ ਚੜ੍ਹਾਈ ਦੇ ਕਾਰਨ ਥੱਕੇ ਹੋਏ ਯਾਤਰੂਆਂ ਦਾ ਸਰੀਰ ਤਰੋ-ਤਾਜ਼ਾ ਹੋ ਜਾਂਦਾ ਹੈ। ਸਰੋਵਰ ਦੇ ਕਿਨਾਰੇ ਸੰਨ 1926 ਈ: ਦਾ ਬਣਿਆ ਗੁਰਦੁਆਰਾ ਸਾਹਿਬ ਹੈ। ਜੋ ਭਗਤੀ ਤੇ ਪ੍ਰਭੂ ਮਿਲਾਪ ਦਾ ਪ੍ਰਤੀਕ ਹੈ।

ਗੁਰਦੁਆਰਾ ਸ਼੍ਰੀ ਹੇਮਕੁੰਟ ਸਾਹਿਬ ਦੁਨੀਆਂ ਵਿੱਚ ਸਭ ਤੋਂ ਉੱਚੇ ਸਥਾਨ ਤੇ ਸਥਿਤ ਹੈ। ਗੁਰਦੁਆਰਾ ਸਾਹਿਬ ਦੇ ਸਰੋਵਰ ਦੇ ਤਿੰਨ ਪਾਸੇ ਚੋਟੀਆਂ ਕਦੇ ਹਰੀਆਂ-ਭਰੀਆਂ ਅਤੇ ਕਦੇ ਬਰਫ਼ ਨਾਲ ਢਕੀਆਂ ਹੋਈਆਂ ਪਹਾੜੀਆਂ, ਚੌਥੇ ਪਾਸੇ ਬਾਰ੍ਹਾਂ ਮਹੀਨੇ ਬਰਫ਼ ਨਾਲ ਢਕਿਆ ਹੋਇਆ ਪਰਬਤ ਇਸ ਸਰੋਵਰ ਦੀ ਸੁੰਦਰਤਾ ਨੂੰ ਚਾਰ-ਚੰਨ ਲਾਉਂਦੇ ਹਨ। ਸਰਦੀ ਦੇ ਮੌਸਮ ਵਿੱਚ ਬਰਫ਼ ਇੰਨੀ ਜ਼ਿਆਦਾ ਪੈਂਦੀ ਹੈ ਕਿ ਗੁਰਦੁਆਰਾ ਸਾਹਿਬ, ਨਿਸ਼ਾਨ ਸਾਹਿਬ ਅਤੇ ਸਰੋਵਰ ਵੀ ਬਰਫ਼ ਨਾਲ ਢਕੇ ਜਾਂਦੇ ਹਨ। ਹੇਮਕੁੰਟ ਸਾਹਿਬ ਅਕਤੂਬਰ ਮਹੀਨੇ ਤੋਂ ਲੈ ਕੇ ਮਾਰਚ ਮਹੀਨੇ ਤੱਕ ਬਰਫ਼ਾਂ ਨਾਲ ਢਕਿਆ ਰਹਿੰਦਾ ਹੈ। ਅਪ੍ਰੈਲ ਮਹੀਨੇ ਵਿੱਚ ਫ਼ੌਜ, ਆਈ.ਟੀ.ਬੀ.ਪੀ, ਬੰਗਾਲ ਇੰਜੀਨੀਅਰ ਤੇ ਬਾਰਡਰ ਰੋਡ ਵਾਲੇ ਫ਼ੌਜੀ ਤੇ ਕਰਮਚਾਰੀ ਇਹ ਰਸਤਾ ਖੋਲ੍ਹਦੇ ਹਨ।

ਗੁਰਦੁਆਰਾ ਸ਼੍ਰੀ ਹੇਮਕੁੰਟ ਸਾਹਿਬ ਵਿਖੇ ਸੰਗਤਾਂ ਨੂੰ ਰਾਤ ਠਹਿਰਣ ਦੀ ਆਗਿਆ ਨਹੀਂ ਮਿਲਦੀ ਕਿਉਂਕਿ ਸ਼੍ਰੀ ਹੇਮਕੁੰਟ ਸਾਹਿਬ ਵਿਖੇ ਆਕਸੀਜ਼ਨ ਬਹੁਤ ਘੱਟ ਹੁੰਦੀ ਹੈ ਤੇ ਸੰਗਤਾਂ ਦਾ ਜ਼ਿਆਦਾ ਇਕੱਠ ਵੀ ਨਹੀਂ ਹੋਣ ਦਿੱਤਾ ਜਾਂਦਾ। ਪ੍ਰਬੰਧਕ ਸਪੀਕਰ ਰਾਹੀਂ ਹੀ ਇਹ ਅਨਾਊਂਸਮੈਂਟ ਵਾਰ-ਵਾਰ ਕਰਦੇ ਰਹਿੰਦੇ ਹਨ ਕਿ ਸੰਗਤਾਂ ਇਸ਼ਨਾਨ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋ ਕੇ, ਚਾਹ ਤੇ ਖਿਚੜੀ ਦਾ ਲੰਗਰ ਛਕ ਕੇ ਤੇ ਪ੍ਰਸ਼ਾਦ ਲੈ ਕੇ ਵਾਪਸ ਗੋਬਿੰਦ ਧਾਮ ਪਹੁੰਚਣ। ਸੰਗਤਾਂ ਨੇ ਵਾਪਸ ਗੋਬਿੰਦ ਧਾਮ ਆ ਕੇ ਹੀ ਲੰਗਰ ਛਕਣਾ ਅਤੇ ਵਿਸ਼ਰਾਮ ਕਰਨਾ ਹੁੰਦਾ ਹੈ।

ਗੁਰਦੁਆਰਾ ਸ਼੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 20 ਮਈ ਤੋਂ ਆਰੰਭ ਹੋ ਚੁੱਕੀ ਹੈ। ਇਸ ਮੌਕੇ ਗੁਰਦੁਆਰਾ ਸ੍ਰੀ ਰਿਸ਼ੀਕੇਸ਼ ਵਿਖੇ ਵਿਸ਼ੇਸ਼ ਸਮਾਗਮ ਆਯੋਜਿਤ ਕੀਤੇ ਗਏ ਸਨ। ਸਮਾਗਮ ਦੀ ਸਮਾਪਤੀ ਤੋਂ ਬਾਅਦ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਜੈਕਾਰਿਆਂ ਦੀ ਗੂੰਜ ਵਿੱਚ ਪਹਿਲਾ ਜਥਾ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਲਈ ਰਵਾਨਾ ਹੋਇਆ। ਜਥਾ ਗੋਬਿੰਦ ਘਾਟ ਤੋਂ ਬਾਅਦ 13 ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਗੁਰਦੁਆਰਾ ਗੋਬਿੰਦ ਧਾਮ ਪੁੱਜੇਗਾ। ਇੱਥੇ ਰਾਤ ਦੇ ਠਹਿਰਾਅ ਮਗਰੋਂ ਸਵੇਰੇ ਯਾਤਰੂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਲਈ ਰਵਾਨਾ ਹੋਵੇਗੀ। 23 ਮਈ ਨੂੰ ਦਰਸ਼ਨਾਂ ਲਈ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਖੋਲ੍ਹੇ ਜਾਣਗੇ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਵੇਗਾ। ਇਹ ਯਾਤਰਾ 10 ਅਕਤੂਬਰ ਤੱਕ ਭਾਵ ਪੰਜ ਮਹੀਨੇ ਦੇ ਕਰੀਬ ਤੱਕ ਚੱਲੇਗੀ। ਹਰ ਸਾਲ ਲੱਖਾਂ ਹੀ ਸੰਗਤਾਂ ਯਾਤਰਾ ਕਰਕੇ ਇਸ ਅਸਥਾਨ ਦੇ ਦਰਸ਼ਨ ਕਰਕੇ ਮਨ ਤ੍ਰਿਪਤ ਹੋ ਜਾਂਦਾ ਹੈ। ਵਾਹਿਗੁਰੂ ਮਿਹਰ ਕਰੇ, ਸਰਬੱਤ ਸੰਗਤਾਂ ਦੀ ਯਾਤਰਾ ਸੁੱਖਾਂ ਨਾਲ ਬਤੀਤ ਹੋਵੇ।

**-ਕਰਨੈਲ ਸਿੰਘ ਐੱਮ.ਏ. ਲੁਧਿਆਣਾ**
**#1138/63-ਏ, ਗੁਰੂ ਤੇਗ਼ ਬਹਾਦਰ ਨਗਰ,**
**ਗਲੀ ਨੰਬਰ-1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ**

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਪਾਉਂਟਾ ਸਾਹਿਬ ਦੇ ਸ਼ਹੀਦਾਂ ਦੀ ਕੁਰਬਾਨੀ ਸਿੱਖ ਕੌਮ ਲਈ ਸਦੀਵੀ ਪ੍ਰੇਰਣਾ: ਕਾਲਕਾ



**ਨਵੀਂ ਦਿੱਲੀ, 22 ਮਈ (ਮਨਪ੍ਰੀਤ ਸਿੰਘ ਖਾਲਸਾ)**:—ਹਰਮੀਤ ਸਿੰਘ ਕਾਲਕਾ , ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਨੇ ਅੱਜ ਸ਼ਹੀਦੀ ਸਾਕਾ ਗੁਰਦਵਾਰਾ ਸ਼੍ਰੀ ਪਾਉਂਟਾ ਸਾਹਿਬ ਦੇ ਸਮੂਹ ਸ਼ਹੀਦਾਂ ਨੂੰ ਕੋਟਾਨਿ ਕੋਟਿ ਪ੍ਰਣਾਮ ਕਰਦਿਆਂ ਕਿਹਾ ਕਿ ਸਿੱਖ ਇਤਿਹਾਸ ਧਰਮ ਦੀ ਰੱਖਿਆ ਅਤੇ ਮਨੁੱਖਤਾ ਦੀ ਭਲਾਈ ਲਈ ਦਿੱਤੀਆਂ ਮਹਾਨ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਉਨ੍ਹਾਂ ਕਿਹਾ ਕਿ ਪਾਉਂਟਾ ਸਾਹਿਬ ਦੇ ਮਹਾਨ ਸ਼ਹੀਦਾਂ ਨੇ ਸਿੱਖ ਕੌਮ ਨੂੰ ਸੱਚ, ਨਿਆਂ ਅਤੇ ਧਰਮ ਦੇ ਮਾਰਗ 'ਤੇ ਡਟੇ ਰਹਿਣ ਦੀ ਅਮਰ ਪ੍ਰੇਰਣਾ ਦਿੱਤੀ ਹੈ। ਉਨ੍ਹਾਂ ਦੀਆਂ ਲਾਸਾਨੀ ਕੁਰਬਾਨੀਆਂ ਆਉਣ ਵਾਲੀਆਂ ਪੀੜੀਆਂ ਨੂੰ ਆਪਣੇ ਧਰਮ ਅਤੇ ਅਸੂਲਾਂ ਲਈ ਸੰਘਰਸ਼ ਕਰਨ ਦਾ ਹੌਸਲਾ ਦਿੰਦੀਆਂ ਰਹਿਣਗੀਆਂ। ਸਰਦਾਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਸਿੱਖ ਇਤਿਹਾਸ ਦੇ ਹਰ ਸ਼ਹੀਦੀ ਸਾਕੇ ਨੇ ਮਨੁੱਖਤਾ ਦੀ ਰੱਖਿਆ, ਧਾਰਮਿਕ ਆਜ਼ਾਦੀ ਅਤੇ ਇਨਸਾਫ ਲਈ ਸਿੱਖ ਕੌਮ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕੀਤਾ ਹੈ। ਉਨ੍ਹਾਂ ਕਿਹਾ ਕਿ ਅੱਜ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਨੌਜਵਾਨਾਂ ਨੂੰ ਇਨ੍ਹਾਂ ਮਹਾਨ ਸ਼ਹੀਦਾਂ ਦੇ ਇਤਿਹਾਸ ਨਾਲ ਜੋੜੀਏ, ਤਾਂ ਜੋ ਉਹ ਗੁਰਸਿੱਖੀ, ਸੇਵਾ ਅਤੇ ਕੁਰਬਾਨੀ ਦੀ ਮਹਾਨ ਪਰੰਪਰਾ ਨੂੰ ਅੱਗੇ ਵਧਾ ਸਕਣ। ਉਨ੍ਹਾਂ ਅਰਦਾਸ ਕੀਤੀ ਕਿ ਵਾਹਿਗੁਰੂ ਸਮੂਹ ਸੰਗਤਾਂ ਨੂੰ ਗੁਰੂ ਸਾਹਿਬਾਨ ਦੇ ਦਰਸਾਏ ਮਾਰਗ 'ਤੇ ਚੱਲਣ ਅਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਸਦੀਵੀ ਪ੍ਰੇਰਣਾ ਲੈਣ ਦੀ ਸ਼ਕਤੀ ਬਖ਼ਸ਼ਣ।

# ਪਿੰਡ ਨੰਗਲਾ ਵਿਖੇ ਮੁਫ਼ਤ ਅੱਖਾਂ ਦੇ ਚੈੱਕਅਪ ਕੈਂਪ ਦੌਰਾਨ 250 ਮਰੀਜ਼ਾਂ ਦੀ ਕੀਤੀ ਜਾਂਚ





ਤਲਵੰਡੀ ਸਾਬੋ, 22 ਮਈ (ਗੁਰਜੰਟ ਸਿੰਘ ਨਥੇਹਾ)- ਪਿੰਡ ਨੰਗਲਾ ਦੀ ਲੰਗਰ ਕਮੇਟੀ ਸੇਵਾ ਸੰਗਤ ਅਤੇ ਗੁਰੂ ਨਾਨਕ ਆਈ ਕੇਅਰ ਸੈਂਟਰ ਵੱਲੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ ਲਗਾਇਆ ਗਿਆ। ਇਸ ਮੌਕੇ ਡਾ. ਹਰਜੀਤ ਸਿੰਘ ਅਤੇ ਮੱਲ੍ਹੀ ਆਈ ਹਸਪਤਾਲ ਦੇ ਡਾ. ਚਰਨਜੀਤ ਸਿੰਘ ਨੇ ਕਰੀਬ 250 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ। ਕੈਂਪ ਦੌਰਾਨ 50 ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਐਨਕਾਂ ਵੀ ਵੰਡੀਆਂ ਗਈਆਂ, ਜਦਕਿ 30 ਮਰੀਜ਼ਾਂ ਨੂੰ ਅੱਖਾਂ ਵਿੱਚ ਲੈਨਜ਼ ਪਵਾਉਣ ਦੀ ਸਲਾਹ ਦਿੱਤੀ ਗਈ। ਇਸ ਮੌਕੇ ਡਾ. ਚਰਨਜੀਤ ਸਿੰਘ ਨੇ ਅੱਤ ਦੀ ਪੈ ਰਹੀ ਗਰਮੀ ਤੋਂ ਬਚਣ ਲਈ ਲੋਕਾਂ ਨੂੰ ਦੁਪਹਿਰ ਸਮੇਂ ਬਿਨਾਂ ਲੋੜ ਘਰਾਂ ਤੋਂ ਬਾਹਰ ਨਾ ਨਿਕਲਣ, ਵੱਧ ਤੋਂ ਵੱਧ ਪਾਣੀ ਅਤੇ ਤਰਲ ਪਦਾਰਥ ਪੀਣ ਅਤੇ ਅੱਖਾਂ ਨੂੰ ਧੂੜ ਤੇ ਤਿੱਖੀ ਧੁੱਪ ਤੋਂ ਬਚਾਉਣ ਲਈ ਚਸ਼ਮੇ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਕਿਹਾ ਕਿ ਅੱਖਾਂ ਨਾਲ ਸਬੰਧਿਤ ਕਿਸੇ ਵੀ ਤਕਲੀਫ਼ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ ਅਤੇ ਸਮੇਂ-ਸਮੇਂ 'ਤੇ ਅੱਖਾਂ ਦਾ ਚੈੱਕਅਪ ਕਰਵਾਉਣਾ ਬਹੁਤ ਜ਼ਰੂਰੀ ਹੈ ਤਾਂ ਜੋ ਬਿਮਾਰੀਆਂ ਦਾ ਸਮੇਂ ਸਿਰ ਪਤਾ ਲੱਗ ਸਕੇ। ਇਸ ਮੌਕੇ ਲੰਗਰ ਕਮੇਟੀ ਦੇ ਸੇਵਾਦਾਰ ਕਾਹਨ ਸਿੰਘ ਨੇ ਦੱਸਿਆ ਕਿ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਲੰਗਰ ਕਮੇਟੀ ਵੱਲੋਂ ਸਮੇਂ-ਸਮੇਂ 'ਤੇ ਲੋਕ ਭਲਾਈ ਅਤੇ ਸਿਹਤ ਸਬੰਧੀ ਅਜਿਹੇ ਕੈਂਪ ਲਗਾਏ ਜਾਂਦੇ ਹਨ ਤਾਂ ਜੋ ਲੋੜਵੰਦ ਲੋਕਾਂ ਨੂੰ ਮੁਫ਼ਤ ਸਿਹਤ ਸੇਵਾਵਾਂ ਮਿਲ ਸਕਣ। ਕੈਂਪ ਦੇ ਅੰਤ ਵਿੱਚ ਕਮੇਟੀ ਵੱਲੋਂ ਡਾਕਟਰਾਂ ਦੀ ਟੀਮ ਨੂੰ ਸਿਰੋਪਾਓ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜਿੰਦਰ ਸਿੰਘ ਕਾਲਾ, ਐਡਵੋਕੇਟ ਰਮਨਦੀਪ ਸ਼ਰਮਾ, ਬਸੰਤ ਸਿੰਘ, ਮਹਿੰਦਰ ਸਿੰਘ ਮੱਲ੍ਹੀ, ਬੰਤਾ ਸਿੰਘ, ਜਸਵਿੰਦਰ ਸਿੰਘ, ਬਲਦੇਵ ਸਿੰਘ ਨੰਬਰਦਾਰ, ਡਾ. ਸੁਖਦੀਪ ਸਿੰਘ, ਮੱਲ ਸਿੰਘ, ਮਾਸਟਰ ਤਰਸੇਮ ਚੰਦ, ਮਾਸਟਰ ਨਿਰਮਲ ਸਿੰਘ, ਹੈਡ ਗ੍ਰੰਥੀ ਭਾਈ ਤਾਰਾ ਸਿੰਘ, ਮਲਕੀਤ ਸਿੰਘ ਆਦਿ ਹਾਜ਼ਰ ਸਨ।

# ਸੰਤ ਸਤਵਿੰਦਰ ਹੀਰਾ ਦੀ ਅਗਵਾਈ 'ਚ ਆਦਿ ਧਰਮ ਮਿਸ਼ਨ ਵਲੋਂ ਪ੍ਰਿੰਸੀਪਲ ਸੰਤ ਧਰਮਪਾਲ ਨੂੰ ਕੀਤਾ ਸਨਮਾਨਿਤ

**ਹੁਸ਼ਿਆਰਪੁਰ, 22 ਮਈ (ਆਵਾਜ਼ਿ ਕੌਮ ਬਿਊਰੋ)**-ਸਿਹਤ ਅਤੇ ਸੰਗੀਤ ਲਈ ਫ੍ਰੀ ਸੇਵਾਵਾਂ ਨਿਭਾਅ ਰਹੇ ਧਾਮ ਚਾਨਣਪੁਰੀ ਸ਼ੇਰਗੜ ਦੇ ਸੰਚਾਲਕ ਸੰਤ ਧਰਮਪਾਲ ਪ੍ਰਿੰਸੀਪਲ (ਸੇਵਾ ਮੁਕਤ) ਸਟੇਜ ਸਕੱਤਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ. ਪੰਜਾਬ ਨੂੰ ਸੰਤ ਸਤਵਿੰਦਰ ਹੀਰਾ ਦੀ ਅਗਵਾਈ ਹੇਠ ਆਲ ਇੰਡੀਆ ਆਦਿ ਧਰਮ ਮਿਸ਼ਨ ਰਜਿ.ਭਾਰਤ ਵਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ। ਇਸ ਮੌਕੇ ਮੀਡੀਆ ਇੰਚਾਰਜ ਓਮ ਪ੍ਰਕਾਸ਼ ਰਾਣਾ ਅਤੇ ਮਾਸਟਰ ਸੁਖਵੀਰ ਦੁਗਾਲ ਪਾਤੜਾਂ ਵੀ ਹਾਜਰ ਸਨ। ਮਹਾਨ ਤਪੱਸਵੀ ਬ੍ਰਹਮਲੀਨ ਸੰਤ ਪਰਮਾਨੰਦ ਜੀ ਦੇ ਬਰਸੀ ਅਤੇ ਸੰਤ ਚਾਨਣ ਰਾਮ ਜੀ ਦੇ ਜਨਮ ਦਿਨ ਸਮਾਗਮ ਮੌਕੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਅਤੇ ਪੰਜਾਬ ਦੇ ਵੱਖ ਵੱਖ ਡੇਰਿਆਂ ਅਤੇ ਸੰਪਰਦਾਵਾਂ ਦੇ ਸੰਤਾਂ ਮਹਾਂਪੁਰਸ਼ਾਂ,ਸਮਾਜਕ ਤੇ ਰਾਜਨੀਤਕ ਆਗੂਆਂ ਤੇ ਬੁੱਧੀਜੀਵੀਆਂ ਦੀ ਹਾਜ਼ਰੀ ਵਿੱਚ ਹੋਏ ਵਿਸ਼ਾਲ ਸਮਾਗਮ 'ਚ ਸੰਤ ਧਰਮਪਾਲ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਨੇ ਕਿਹਾ ਕਿ ਸੰਤ ਧਰਮਪਾਲ ਜੋ ਕਿ ਕੌਮ ਦੇ ਪੜੇ ਲਿਖੇ ਬੁੱਧੀਜੀਵੀ ਅਤੇ ਪ੍ਰਿੰਸੀਪਲ ਸੇਵਾ ਮੁਕਤ ਸੰਤ ਹਨ, ਆਦਿ ਧਰਮੀ ਕੌਮ ਨੂੰ ਇਕ ਨਵੀਂ ਸੇਧ ਦੇ ਰਹੇ ਹਨ। ਉਨਾਂ ਕਿਹਾ ਕਿ ਫ੍ਰੀ ਦੇਸ਼ੀ ਐਯੁਰਵੈਦਿਕ ਦਵਾਈਆਂ ਦੇ ਨਾਲ ਨਾਲ ਸਰੀਰਕ ਤੰਦਰੁਸਤੀ ਲਈ ਯੋਗਾ ਕਲਾਸਾਂ ਅਤੇ ਰੂਹ ਦੀ ਖੁਰਾਕ ਸੰਗੀਤ ਦੀ ਵਿੱਦਿਆ ਦੀ ਸੇਵਾ ਵੀ ਕਰ ਰਹੇ ਹਨ। ਆਦਿ ਧਰਮ ਮਿਸ਼ਨ ਵਲੋਂ ਪੜੇ ਲਿਖੇ ਬੁੱਧੀਜੀਵੀ ਸੰਤਾਂ ਮਹਾਂਪੁਰਸ਼ਾਂ ਦਾ ਉਚੇਚੇ ਤੌਰ ਤੇ ਸਨਮਾਨ ਕੀਤਾ ਜਾਂਦਾ ਹੈ।

### ਚੰਡੀਗੜ੍ਹ ਵਿੱਚ ਸੰਗਤਾਂ ਦਾ ਰੋਸ ਮਾਰਚ ਰੋਕਿਆ

# ਸੜਕ 'ਤੇ ਬੈਠ ਕੀਤਾ ਵਿਰੋਧ









**ਚੰਡੀਗੜ੍ਹ, 22 ਮਈ (ਆਵਾਜ਼ਿ ਕੌਮ ਬਿਊਰੋ)**—ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਕੋਠੀ ਵੱਲ ਵੱਧ ਰਹੀਆਂ ਸੰਗਤਾਂ ਦੇ ਰੋਸ ਮਾਰਚ ਨੂੰ ਅੱਜ ਚੰਡੀਗੜ੍ਹ ਪੁਲਿਸ ਵੱਲੋਂ ਰਸਤੇ ਵਿੱਚ ਹੀ ਰੋਕ ਦਿੱਤਾ ਗਿਆ। ਇਸ ਕਾਰਨ ਮੌਕੇ 'ਤੇ ਤਣਾਅਪੂਰਨ ਮਾਹੌਲ ਬਣ ਗਿਆ। ਰੋਸ ਮਾਰਚ ਵਿੱਚ ਸ਼ਾਮਲ ਸੰਗਤਾਂ ਨੇ ਪੁਲਿਸ ਕਾਰਵਾਈ ਦੇ ਵਿਰੋਧ ਵਿੱਚ ਸੜਕ 'ਤੇ ਬੈਠ ਕੇ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਸੰਗਤਾਂ ਵੱਲੋਂ "ਵਾਹਿਗੁਰੂ" ਦਾ ਜਾਪ ਵੀ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਦਾ ਕਹਿਣਾ ਸੀ ਕਿ ਉਹ ਆਪਣੀਆਂ ਮੰਗਾਂ ਨੂੰ ਸ਼ਾਂਤੀਪੂਰਨ ਢੰਗ ਨਾਲ ਸਰਕਾਰ ਤੱਕ ਪਹੁੰਚਾਉਣਾ ਚਾਹੁੰਦੇ ਸਨ, ਪਰ ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ ਗਿਆ। ਮੌਕੇ 'ਤੇ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ ਸੀ ਤਾਂ ਜੋ ਕਿਸੇ ਵੀ ਅਣਚਾਹੀ ਘਟਨਾ ਤੋਂ ਬਚਿਆ ਜਾ ਸਕੇ।

### ਧੂਰੀ ਦੇ ਵਾਸੀ 26 ਮਈ ਨੂੰ

# ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿੱਚ ਫਤਵਾ ਦੇਣਗੇ: ਰਣਜੀਤ ਸਿੰਘ ਰੰਧਾਵਾ



ਧੂਰੀ (ਰਣਜੀਤ ਸਿੰਘ ਪੇਧਨੀ) ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਰਣਜੀਤ ਸਿੰਘ ਰੰਧਾਵਾ ਵੱਲੋਂ ਧੂਰੀ ਸਹਿਰ ਵਿਚ ਹੋ ਰਹੀਆਂ ਮਿਉਂਸਪਲ ਕਮੇਟੀ ਦੀਆਂ ਚੋਣਾਂ ਵਿਚ ਵੱਖ ਵੱਖ ਵਾਰਡਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਨਿਸਾਨ 'ਤੇ ਚੋਣ ਲੜ ਰਹੇ ਆਪਣੇ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦਿਆਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਪੰਜਾਬ ਵਿੱਚ ਮਜਬੂਤੀ ਦੇ ਨਾਲ ਅੱਗੇ ਵਧ ਰਿਹਾ ਹੈ। ਉਹਨਾਂ ਕਿਹਾ ਕਿ ਮਿਉਸਪਲ ਕਮੇਟੀ ਦੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪੂਰੇ ਪੰਜਾਬ ਵਿੱਚੋਂ ਵੱਡੇ ਮਾਰਜਨ ਨਾਲ ਜਿੱਤ ਕੇ 2027 ਵਿੱਚ ਬਣਨ ਵਾਲੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦਾ ਮੁੱਢ ਬੰਨਣਗੇ। ਉਹਨਾਂ ਕਿਹਾ ਕਿ ਪਹਿਲਾਂ ਸਰਕਾਰ ਵੱਲੋਂ ਧੱਕੇ ਦੇ ਨਾਲ ਆਪਣੇ ਪੰਜ ਉਮੀਦਵਾਰ ਜਿਤਾ ਲਏ ਹਨ। ਪਰ ਉਸ ਗੱਲ ਦੇ ਨਾਲ ਸ਼ਹਿਰ ਵਿੱਚ ਸਰਕਾਰ ਦੇ ਖਿਲਾਫ ਲੋਕਾਂ ਚ ਭਾਰੀ ਰੋਸ ਦੇਖਣ ਨੂੰ ਮਿਲ ਰਿਹਾ ਹੈ, ਜਿਸ ਦੇ ਕਾਰਨ ਸ਼ਹਿਰ ਦੇ ਲੋਕ ਅਕਾਲੀ ਦਲ ਦੇ ਹੱਕ ਵਿੱਚ ਫਤਵਾ ਦੇਣ ਨੂੰ ਤਿਆਰ ਬੈਠੇ ਹਨ।

## ਗੁਰਦੁਆਰਾ ਸ੍ਰੀ ਹੇਮਕੁੰਡ ਸਾਹਿਬ ਪਹੁੰਚੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸ਼ੁਭਦੀਪ ਸਿੰਘ, ਕਪਾਟ ਖੁੱਲ੍ਹਣ ਮੌਕੇ ਭਰਨਗੇ ਕੀਰਤਨੀ ਹਾਜ਼ਰੀ



ਨਵੀਂ ਦਿੱਲੀ 22 ਮਈ (ਮਨਪ੍ਰੀਤ ਸਿੰਘ ਖਾਲਸਾ):- ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸ਼ੁਭਦੀਪ ਸਿੰਘ ਆਪਣੇ ਸਾਥੀ ਜੱਥੇ ਸਮੇਤ ਗੁਰਦੁਆਰਾ ਸ੍ਰੀ ਹੇਮਕੁੰਡ ਸਾਹਿਬ ਪਹੁੰਚ ਗਏ ਹਨ। ਗੌਰਤਲਬ ਹੈ ਕਿ ਗੁਰਦੁਆਰਾ ਸ੍ਰੀ ਹੇਮਕੁੰਡ ਸਾਹਿਬ ਦੀ ਪਵਿੱਤਰ ਯਾਤਰਾ ਸ਼ੁਰੂ ਹੋ ਚੁੱਕੀ ਹੈ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਦਰਸ਼ਨਾਂ ਲਈ ਉਥੇ ਪਹੁੰਚ ਰਹੀਆਂ ਹਨ। ਅੱਜ ਗੁਰਦੁਆਰਾ ਸ੍ਰੀ ਹੇਮਕੁੰਡ ਸਾਹਿਬ ਦੇ ਪਵਿੱਤਰ ਕਪਾਟ ਖੋਲ੍ਹੇ ਜਾਣਗੇ। ਇਸ ਵਿਸ਼ੇਸ਼ ਮੌਕੇ 'ਤੇ ਗੁਰਦੁਆਰਾ ਸ੍ਰੀ ਹੇਮਕੁੰਡ ਸਾਹਿਬ ਟਰੱਸਟ ਵੱਲੋਂ ਭਾਈ ਸ਼ੁਭਦੀਪ ਸਿੰਘ ਦੇ ਹਜ਼ੂਰੀ ਜੱਥੇ ਨੂੰ ਉਚੇਚੇ ਤੌਰ 'ਤੇ ਸੱਦਾ ਦਿੱਤਾ ਗਿਆ ਹੈ, ਤਾਂ ਜੋ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ ਜਾ ਸਕੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਸ਼ੁਭਦੀਪ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਹੇਮਕੁੰਡ ਸਾਹਿਬ ਸਿੱਖ ਇਤਿਹਾਸ ਅਤੇ ਆਸਥਾ ਦਾ ਮਹਾਨ ਕੇਂਦਰ ਹੈ, ਜਿਸ ਦਾ ਸੰਬੰਧ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਤਪ ਅਸਥਲੀ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਇਸ ਪਵਿੱਤਰ ਧਰਤੀ 'ਤੇ ਨਤਮਸਤਕ ਹੋਣ ਲਈ ਪਹੁੰਚਦੀਆਂ ਹਨ ਅਤੇ ਗੁਰਬਾਣੀ ਕੀਰਤਨ ਰਾਹੀਂ ਆਤਮਿਕ ਸ਼ਾਂਤੀ ਪ੍ਰਾਪਤ ਕਰਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਇਸ ਪਾਵਨ ਅਸਥਾਨ 'ਤੇ ਕੀਰਤਨ ਦੀ ਸੇਵਾ ਨਿਭਾਉਣਾ ਉਨ੍ਹਾਂ ਲਈ ਵੱਡਾ ਸੌਭਾਗ ਹੈ। ਇਸ ਮੌਕੇ ਗੱਲਬਾਤ ਕਰਦਿਆਂ ਭਾਈ ਸ਼ੁਭਦੀਪ ਸਿੰਘ ਨੇ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਬਾਣੀ ਅਤੇ ਇਤਿਹਾਸ ਦਾ ਵਿਰੋਧ ਕਰਨ ਵਾਲਿਆਂ 'ਤੇ ਤਿੱਖਾ ਪ੍ਰਹਾਰ ਕਰਦਿਆਂ ਕਿਹਾ ਕਿ ਜੋ ਲੋਕ ਗੁਰਦੁਆਰਾ ਸ੍ਰੀ ਹੇਮਕੁੰਡ ਸਾਹਿਬ ਜਾਂ ਦਸਮ ਬਾਣੀ ਸਬੰਧੀ ਭਰਮ ਫੈਲਾਉਣ ਦੀ ਕੋਸ਼ਿਸ਼ ਕਰਦੇ ਹਨ, ਉਹਨਾਂ ਨੂੰ ਪਹਿਲਾਂ ਸਿੱਖ ਇਤਿਹਾਸ ਅਤੇ ਪ੍ਰਮਾਣਿਕ ਗ੍ਰੰਥਾਂ ਦਾ ਗੰਭੀਰ ਅਧਿਐਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪ੍ਰਸਿੱਧ ਸਿੱਖ ਵਿਦਵਾਨ ਭਾਈ ਵੀਰ ਸਿੰਘ ਜੀ ਵੱਲੋਂ ਲਿਖੀ ਕਿਤਾਬ 'ਕਲਗੀਧਰ ਚਮਤਕਾਰ' ਵਿੱਚ ਦਸਮ ਪਾਤਸ਼ਾਹ ਜੀ ਦੇ ਜੀਵਨ ਅਤੇ ਹੇਮਕੁੰਡ ਸਾਹਿਬ ਦੀ ਮਹਾਨਤਾ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਗਿਆ ਹੈ, ਜਿਸ ਨੂੰ ਪੜ੍ਹ ਕੇ ਕਈ ਭਰਮ ਆਪਣੇ ਆਪ ਦੂਰ ਹੋ ਜਾਂਦੇ ਹਨ। ਭਾਈ ਸ਼ੁਭਦੀਪ ਸਿੰਘ ਨੇ ਕਿਹਾ ਕਿ ਦਸਮ ਪਾਤਸ਼ਾਹ ਜੀ ਦੀ ਬਾਣੀ ਸਿੱਖ ਕੌਮ ਨੂੰ ਚੜ੍ਹਦੀ ਕਲਾ, ਨਿਡਰਤਾ ਅਤੇ ਆਤਮਿਕ ਬਲ ਬਖ਼ਸ਼ਦੀ ਹੈ ਅਤੇ ਇਸ ਦਾ ਵਿਰੋਧ ਕਰਨਾ ਅਸਲ ਵਿੱਚ ਗੁਰੂ ਸਾਹਿਬਾਨ ਦੀ ਮਹਾਨ ਵਿਰਾਸਤ ਨੂੰ ਸਮਝਣ ਵਿੱਚ ਅਸਫਲ ਰਹਿਣ ਦੇ ਬਰਾਬਰ ਹੈ। ਉਨ੍ਹਾਂ ਦਸਮ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਿਆਂ ਕਿਹਾ, "ਹੇ ਕਲਗੀਧਰ ਪਾਤਸ਼ਾਹ! ਆਪ ਜੀ ਵੱਲੋਂ ਰਚਿਤ ਅਕਾਲੀ ਬਾਣੀ ਜੋ ਸੰਸਾਰ ਅੰਦਰ ਆਤਮਿਕ ਕਲਾ ਅਤੇ ਚੜ੍ਹਦੀ ਕਲਾ ਵਰਤਾ ਰਹੀ ਹੈ, ਉਸ ਦਾ ਵੱਧ ਤੋਂ ਵੱਧ ਪਹਿਰਾ ਸਾਡੇ ਉੱਪਰ ਵੀ ਵਰਤਾਓ ਜੀ।" ਇਸ ਦੇ ਨਾਲ ਹੀ ਉਨ੍ਹਾਂ ਸੰਗਤਾਂ ਨੂੰ ਸੁਚੇਤ ਕਰਦਿਆਂ ਅਪੀਲ ਕੀਤੀ ਕਿ ਵੱਡੀ ਗਿਣਤੀ ਵਿੱਚ ਸੰਗਤਾਂ ਦਸਮ ਪਾਤਸ਼ਾਹ ਜੀ ਦੇ ਪਾਵਨ ਅਸਥਾਨਾਂ ਦੇ ਦਰਸ਼ਨਾਂ ਲਈ ਪਹੁੰਚ ਰਹੀਆਂ ਹਨ, ਜਿਸ ਕਾਰਨ ਰਸਤੇਆਂ ਵਿੱਚ ਭਾਰੀ ਜਾਮ ਦੀ ਸਥਿਤੀ ਬਣ ਰਹੀ ਹੈ। ਉਨ੍ਹਾਂ ਕਿਹਾ ਕਿ ਯਾਤਰਾ ਦੌਰਾਨ ਆਉਂਦੇ ਅਤੇ ਵਾਪਸ ਜਾਂਦੇ ਸਮੇਂ ਪ੍ਰਸ਼ਾਸਨ ਅਤੇ ਸੇਵਾਦਾਰਾਂ ਵੱਲੋਂ ਦਿੱਤੀਆਂ ਜਾ ਰਹੀਆਂ ਹਿਦਾਇਤਾਂ ਦਾ ਜ਼ਰੂਰ ਪਾਲਣ ਕੀਤਾ ਜਾਵੇ, ਤਾਂ ਜੋ ਯਾਤਰਾ ਸੁਖਦ ਅਤੇ ਸੁਰੱਖਿਅਤ ਢੰਗ ਨਾਲ ਸੰਪੰਨ ਹੋ ਸਕੇ। ਇਸ ਤੋਂ ਇਲਾਵਾ ਕੱਲ੍ਹ ਰਾਤ ਗੁਰਦੁਆਰਾ ਗੋਵਿੰਦ ਧਾਮ ਵਿਖੇ ਵੀ ਭਾਈ ਸ਼ੁਭਦੀਪ ਸਿੰਘ ਵੱਲੋਂ ਸੋਦਰ ਦੀ ਚੌਕੀ ਤੋਂ ਬਾਅਦ ਵਿਸ਼ੇਸ਼ ਹਾਜ਼ਰੀ ਭਰੀ ਗਈ ਸੀ।

## ਸਿਹਤ ਵਿਭਾਗ ਤਲਵੰਡੀ ਸਾਬੋ ਵੱਲੋਂ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਮੁਹਿੰਮ ਤਹਿਤ ਸਰਕਾਰੀ ਦਫਤਰਾਂ ਵਿਚ ਡੇਂਗੂ ਸਰਵੇ ਅਤੇ ਲਾਰਵਾ ਨਸ਼ਟ ਕੀਤਾ



ਤਲਵੰਡੀ ਸਾਬੋ, 22 ਮਈ (ਗੁਰਜੰਟ ਸਿੰਘ ਨਥੇਹਾ)- ਸਿਵਲ ਸਰਜਨ ਬਠਿੰਡਾ ਡਾ. ਤਪਿੰਦਰਜੋਤ ਕੌਸ਼ਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਤਲਵੰਡੀ ਸਾਬੋ ਡਾ. ਰਵੀ ਕਾਂਤ ਗੁਪਤਾ ਦੀ ਅਗਵਾਈ ਹੇਠ "ਹਰ ਸ਼ੁੱਕਰਵਾਰ ਡੇਂਗੂ ਤੇ ਵਾਰ" ਮੁਹਿੰਮ ਤਹਿਤ ਤਲਵੰਡੀ ਸਾਬੋ ਖੇਤਰ ਦੇ ਵੱਖ-ਵੱਖ ਸਰਕਾਰੀ ਦਫਤਰਾਂ ਵਿੱਚ ਡੇਂਗੂ ਸਰਵੇ ਕੀਤਾ ਗਿਆ ਅਤੇ ਡੇਂਗੂ ਮੱਛਰ ਦੇ ਲਾਰਵੇ ਨੂੰ ਨਸ਼ਟ ਕਰਵਾਇਆ ਗਿਆ। ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਦਫਤਰਾਂ ਦੇ ਕੂਲਰਾਂ, ਪਾਣੀ ਵਾਲੇ ਭਾਂਡਿਆਂ, ਫਰਿੱਜਾਂ ਦੀਆਂ ਟਰੇਆਂ, ਗਮਲਿਆਂ ਅਤੇ ਹੋਰ ਥਾਵਾਂ ਦੀ ਜਾਂਚ ਕੀਤੀ ਗਈ ਜਿੱਥੇ ਸਾਫ ਪਾਣੀ ਖੜ੍ਹਾ ਹੋ ਸਕਦਾ ਹੈ। ਟੀਮਾਂ ਨੇ ਲੋਕਾਂ ਨੂੰ ਡੇਂਗੂ ਤੋਂ ਬਚਾਅ ਸਬੰਧੀ ਜਾਗਰੂਕ ਵੀ ਕੀਤਾ ਅਤੇ ਹਦਾਇਤ ਕੀਤੀ ਕਿ ਆਪਣੇ ਆਲੇ-ਦੁਆਲੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ। ਡਾ. ਰਵੀ ਕਾਂਤ ਗੁਪਤਾ ਐੱਸਐੱਮਓ ਤਲਵੰਡੀ ਸਾਬੋ ਨੇ ਦੱਸਿਆ ਕਿ ਡੇਂਗੂ ਤੋਂ ਬਚਾਅ ਲਈ ਹਰ ਸ਼ੁੱਕਰਵਾਰ ਸੁੱਕਾ ਦਿਵਸ ਮਨਾਉਣਾ ਬਹੁਤ ਜ਼ਰੂਰੀ ਹੈ ਤਾਂ ਜੋ ਮੱਛਰਾਂ ਦੀ ਪੈਦਾਵਾਰ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਬੁਖਾਰ, ਸਿਰ ਦਰਦ, ਸਰੀਰ ਦਰਦ ਜਾਂ ਪਲੇਟਲੈਟ ਘਟਣ ਵਰਗੇ ਲੱਛਣ ਦਿਖਾਈ ਦੇਣ 'ਤੇ ਤੁਰੰਤ ਨੇੜਲੇ ਸਰਕਾਰੀ ਸਿਹਤ ਕੇਂਦਰ ਨਾਲ ਸੰਪਰਕ ਕੀਤਾ ਜਾਵੇ। ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਡੇਂਗੂ ਦੀ ਰੋਕਥਾਮ ਲਈ ਸਿਹਤ ਵਿਭਾਗ ਦਾ ਸਹਿਯੋਗ ਕਰਨ ਅਤੇ ਆਪਣੇ ਘਰਾਂ ਅਤੇ ਦਫਤਰਾਂ ਵਿੱਚ ਸਫਾਈ ਬਣਾਈ ਰੱਖਣ।

### ਕਾਂਗਰਸੀ ਉਮੀਦਵਾਰਾਂ ਦੇ ਹੱਕ 'ਚ ਜੀਤਮਹਿੰਦਰ ਸਿੰਘ ਸਿੱਧੂ ਵੱਲੋਂ

# ਧੂੰਆਂਧਾਰ ਪ੍ਰਚਾਰ, ਸਵੇਰ ਤੋਂ ਸ਼ਾਮ ਤੱਕ ਕਰ ਰਹੇ ਨੁੱਕੜ ਮੀਟਿੰਗਾਂ







**ਤਲਵੰਡੀ ਸਾਬੋ/ਮੌੜ ਮੰਡੀ, 22 ਮਈ (ਗੁਰਜੰਟ ਸਿੰਘ ਨਥੇਹਾ)**- 26 ਮਈ ਨੂੰ ਹੋਣ ਜਾ ਰਹੀਆਂ ਨਗਰ ਕੌਂਸਲ ਮੌੜ ਮੰਡੀ ਦੀਆਂ ਚੋਣਾਂ ਲਈ ਜਿਉਂ ਜਿਉਂ ਵੋਟਿੰਗ ਦਾ ਦਿਨ ਨੇੜੇ ਆ ਰਿਹੈ ਤਾਂ ਸਿਆਸੀ ਆਗੂਆਂ ਵੱਲੋਂ ਆਪੋ ਆਪਣੇ ਉਮੀਦਵਾਰਾਂ ਦੇ ਹੱਕ 'ਚ ਪੂਰੀ ਤਾਕਤ ਝੋਕੀ ਜਾ ਰਹੀ ਹੈ।ਇਸੇ ਲੜੀ ਚ ਨਗਰ ਦੇ ਸਾਰੇ 17 ਵਾਰਡਾਂ ਤੋਂ ਚੋਣ ਲੜ ਰਹੇ ਕਾਂਗਰਸੀ ਉਮੀਦਵਾਰਾਂ ਦੇ ਹੱਕ 'ਚ ਕਾਂਗਰਸ ਦੇ ਸੀਨੀਅਰ ਆਗੂ ਜੀਤਮਹਿੰਦਰ ਸਿੰਘ ਸਿੱਧੂ ਸਾਬਕਾ ਵਿਧਾਇਕ ਵੱਲੋਂ ਦਿਨ ਰਾਤ ਇੱਕ ਕਰਦਿਆਂ ਧੂੰਆਂਧਾਰ ਚੋਣ ਪ੍ਰਚਾਰ ਕੀਤਾ ਜਾ ਰਿਹੈ। ਟੀਮ ਸਿੱਧੂ ਵੱਲੋਂ ਮੁਹੱਈਆ ਜਾਣਕਾਰੀ ਅਨੁਸਾਰ ਸਾਬਕਾ ਵਿਧਾਇਕ ਸਿੱਧੂ ਵੱਲੋਂ ਸਵੇਰੇ ਤੜਕਸਾਰ ਕਰੀਬ ਸੱਤ ਵਜੇ ਤੋਂ ਕਾਂਗਰਸੀ ਉਮੀਦਵਾਰਾਂ ਦੇ ਹੱਕ 'ਚ ਜਨ ਸਭਾਵਾਂ ਅਤੇ ਨੁੱਕੜ ਮੀਟਿੰਗਾਂ ਸ਼ੁਰੂ ਕਰ ਦਿੱਤੀਆਂ ਜਾਂਦੀਆਂ ਹਨ ਅਤੇ ਭਾਰੀ ਗਰਮੀ ਦੇ ਬਾਵਜ਼ੂਦ ਦੇਰ ਰਾਤ ਤੱਕ ਇਹ ਸਿਲਸਿਲਾ ਚੱਲਦਾ ਰਹਿੰਦਾ ਹੈ। ਭਾਵੇਂ ਘਰਾਂ 'ਚ ਜਾ ਕੇ ਡੋਰ ਟੂ ਡੋਰ ਵੋਟਾਂ ਮੰਗਣ ਦੀ ਗੱਲ ਹੋਵੇ ਜਾਂ ਦੁਕਾਨਦਾਰਾਂ ਕੋਲ ਜਾ ਕੇ ਮੌਜੂਦਾ ਹਾਲਾਤਾਂ 'ਤੇ ਚਾਨਣਾ ਪਾਉਣ ਦੀ ਉਹ ਹਰੇਕ ਵੋਟਰ ਤੋਂ ਮੌੜ ਮੰਡੀ ਸ਼ਹਿਰ ਦੇ ਸਰਵਪੱਖੀ ਵਿਕਾਸ ਲਈ ਕਾਂਗਰਸ ਨੂੰ ਇੱਕ ਮੌਕਾ ਦੇਣ ਦੀ ਅਪੀਲ ਕਰ ਰਹੇ ਹਨ। ਜਨਤਕ ਇਕੱਠਾਂ 'ਚ ਵੀ ਸੰਬੋਧਨ ਦੌਰਾਨ ਸਿੱਧੂ ਕਹਿੰਦੇ ਹਨ ਕਿ ਅਗਰ ਲੋਕਾਂ ਉਨਾਂ ਨੂੰ ਨਗਰ ਕੌਂਸਲ ਚੋਣਾਂ 'ਚ ਬਹੁਮਤ ਦਿੰਦੇ ਹਨ ਤਾਂ ਉਹ ਨਗਰ ਨੂੰ ਵਿਕਾਸ ਪੱਖੋਂ ਨਮੂਨੇ ਦਾ ਸ਼ਹਿਰ ਬਣਾ ਕੇ ਦਿਖਾਉਣਗੇ ਕਿਉਂਕਿ ਉਨਾਂ ਨੂੰ ਪਤਾ ਹੈ ਕਿ ਕੰਮ ਕਿਵੇਂ ਕਰਵਾਏ ਜਾਂਦੇ ਹਨ ਉਨਾਂ ਮੁਤਾਬਿਕ ਉਹ ਮੌਜੂਦਾ ਸਰਕਾਰ ਦੇ ਨੁਮਾਇੰਦਿਆਂ ਵਾਂਗ ਇਕੱਲੀਆਂ ਗੱਲਾਂਬਾਤਾਂ ਨਾਲ ਸਮਾਂ ਲੰਘਾਉਣ ਵਾਲਿਆਂ 'ਚੋਂ ਨਹੀ ਜਿੱਥੇ ਵੀ ਕੰਮ ਕਰਵਾਏ ਹਨ ਉਹ ਆਪ ਮੁਹਾਰੇ ਬੋਲਦੇ ਹਨ। ਸਿੱਧੂ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਜਥੇਦਾਰ ਗੁਰਤੇਜ ਸਿੰਘ ਜੋਧਪੁਰ, ਅਮਰਜੀਤ ਸਿੰਘ ਚੀਮਾ ਸਮੇਤ ਵੱਡੀ ਗਿਣਤੀ ਮੌੜ ਸ਼ਹਿਰ ਦੇ ਕਾਂਗਰਸੀ ਆਗੂ ਅੱਜ ਚੋਣ ਪ੍ਰਚਾਰ ਮੌਕੇ ਦਿਖਾਈ ਦਿੱਤੇ।

### ਅਮਨਦੀਪ ਹਸਪਤਾਲ ਨੇ ਉਜਾਲਾ ਸਿਗਨਸ ਨਾਲ ਮਿਲ ਕੇ

# ਜਲਾਲਾਬਾਦ ਵਿੱਚ ਲਗਾਇਆ ਮੁਫ਼ਤ ਦਿਲ ਦੀ ਜਾਂਚ ਦਾ ਕੈਂਪ

ਫ਼ਿਰੋਜ਼ਪੁਰ, 22 ਮਈ (ਮਨੋਹਰ ਲਾਲ) :— ਅਮਨਦੀਪ ਹਸਪਤਾਲ ਫ਼ਿਰੋਜ਼ਪੁਰ ਨੇ ਉਜਾਲਾ ਸਿਗਨਸ ਦੇ ਸਹਿਯੋਗ ਨਾਲ ਬੁੱਧਵਾਰ 21 ਮਈ 2026 ਨੂੰ ਜਲਾਲਾਬਾਦ ਅਤੇ ਆਲੇ—ਦੁਆਲੇ ਦੇ ਇਲਾਕਿਆਂ ਦੇ ਵਸਨੀਕਾਂ ਲਈ ਇੱਕ ਸਫ਼ਲ ਮੁਫ਼ਤ ਦਿਲ ਦੀ ਜਾਂਚ ਕੈਂਪ ਦਾ ਆਯੋਜਨ ਕੀਤਾ। ਇਹ ਕੈਂਪ ਅਰੋੜਵੰਸ਼ ਮਹਾਸਭਾ ਅਤੇ ਆੜ੍ਹਤੀਆ ਐਸੋਸੀਏਸ਼ਨ, ਜਲਾਲਾਬਾਦ ਦੇ ਸਹਿਯੋਗ ਨਾਲ ਮਿੱਢਾ ਮਲਟੀ ਸਪੈਸ਼ਿਲਟੀ ਹਸਪਤਾਲ, ਜਲਾਲਾਬਾਦ ਵਿਖੇ ਲਗਾਇਆ ਗਿਆ।





ਕੈਂਪ ਦੌਰਾਨ ਸੀਨੀਅਰ ਕੰਸਲਟੈਂਟ ਅਤੇ ਇੰਟਰਵੈਂਸ਼ਨਲ ਕਾਰਡੀਓਲੋਜਿਸਟ (ਦਿਲ ਦੇ ਰੋਗਾਂ ਦੇ ਮਾਹਿਰ) ਡਾ: ਹਾਕਿਮ ਇਰਫ਼ਾਨ ਸ਼ੌਕਤ ਵੱਲੋਂ ਮੁਫ਼ਤ ਓ.ਪੀ.ਡੀ. ਸਲਾਹ—ਮਸ਼ਵਰਾ ਦਿੱਤਾ ਗਿਆ। ਡਾ: ਸ਼ੌਕਤ ਕੋਲ ਐਮ.ਡੀ. ਅਤੇ ਕਾਰਡੀਓਲੋਜੀ ਵਿੱਚ ਡੀ.ਐਨ.ਬੀ. ਸਮੇਤ ਕਈ ਅੰਤਰਰਾਸ਼ਟਰੀ ਡਿਗਰੀਆਂ ਹਨ। ਇਸ ਮੁਹਿੰਮ ਦਾ ਮੁੱਖ ਮਕਸਦ ਦਿਲ ਦੀਆਂ ਬੀਮਾਰੀਆਂ ਦੀ ਜਲਦੀ ਪਛਾਣ ਕਰਨਾ ਅਤੇ ਇਸ ਬਾਰੇ ਜਾਗਰੂਕਤਾ ਫੈਲਾਉਣਾ ਸੀ, ਕਿਉਂਕਿ ਇਸ ਖੇਤਰ ਵਿੱਚ ਦਿਲ ਦੇ ਰੋਗ ਇੱਕ ਮੁੱਖ ਸਿਹਤ ਚਿੰਤਾ ਬਣੇ ਹੋਏ ਹਨ। ਮਰੀਜ਼ਾਂ ਨੇ ਕੈਂਪ ਦੇ ਸਮੇਂ ਦੌਰਾਨ ਬਿਨਾਂ ਕਿਸੇ ਖ਼ਰਚੇ ਦੇ ਮਾਹਿਰਾਂ ਕੋਲੋਂ ਦਿਲ ਦੀ ਜਾਂਚ ਕਰਵਾਈ ਅਤੇ ਯੋਗ ਸਲਾਹ ਲਈ।

ਇਸ ਮੌਕੇ ਬੋਲਦਿਆਂ ਅਮਨਦੀਪ ਹਸਪਤਾਲ ਦੀ ਡਾਇਰੈਕਟਰ ਡਾ: ਅਮਨਦੀਪ ਕੌਰ ਨੇ ਕਿਹਾ ਕਿ ਸਾਡਾ ਮੁੱਖ ਮਕਸਦ ਹਮੇਸ਼ਾ ਆਮ ਲੋਕਾਂ ਤੱਕ ਉੱਨਤ ਸਿਹਤ ਸੇਵਾਵਾਂ ਪਹੁੰਚਾਉਣਾ ਰਿਹਾ ਹੈ। ਜੇਕਰ ਸਮੇਂ ਸਿਰ ਪਤਾ ਲੱਗ ਜਾਵੇ ਤਾਂ ਦਿਲ ਦੀ ਬੀਮਾਰੀ ਤੋਂ ਬਚਿਆ ਜਾ ਸਕਦਾ ਹੈ। ਉਜਾਲਾ ਸਿਗਨਸ, ਅਰੋੜਵੰਸ਼ ਐਨ.ਜੀ.ਓ. ਅਤੇ ਆੜ੍ਹਤੀਆ ਐਸੋਸੀਏਸ਼ਨ ਦੇ ਸਹਿਯੋਗ ਨਾਲ ਲਗਾਇਆ ਗਿਆ ਇਹ ਕੈਂਪ ਪੰਜਾਬ ਵਿੱਚ ਦਿਲ ਦੀਆਂ ਬੀਮਾਰੀਆਂ ਦੇ ਬੋਝ ਨੂੰ ਘੱਟ ਕਰਨ ਵੱਲ ਇੱਕ ਹੋਰ ਕਦਮ ਸੀ। ਉਨ੍ਹਾਂ ਕਿਹਾ ਕਿ ਜਲਾਲਾਬਾਦ ਦੇ ਲੋਕਾਂ ਵੱਲੋਂ ਇੰਨੀ ਵੱਡੀ ਗਿਣਤੀ ਵਿੱਚ ਹਿੱਸਾ ਲੈਂਦੇ ਦੇਖ ਕੇ ਸਾਨੂੰ ਬਹੁਤ ਖੁਸ਼ੀ ਹੋਈ ਹੈ। ਇਸ ਪਹਿਲਕਦਮੀ ਬਾਰੇ ਗੱਲ ਕਰਦਿਆਂ ਡਾ: ਹਾਕਿਮ ਇਰਫ਼ਾਨ ਸ਼ੌਕਤ ਨੇ ਕਿਹਾ ਕਿ ਦਿਲ ਦੀਆਂ ਬੀਮਾਰੀਆਂ ਅਕਸਰ ਉਦੋਂ ਤੱਕ ਪਤਾ ਨਹੀਂ ਲੱਗਦੀਆਂ ਜਦੋਂ ਤੱਕ ਕਿ ਸਥਿਤੀ ਗੰਭੀਰ ਨਹੀਂ ਹੋ ਜਾਂਦੀ। ਇਸ ਮੁਫ਼ਤ ਕੈਂਪ ਰਾਹੀਂ ਅਸੀਂ ਲੋਕਾਂ ਨੂੰ ਦਿਲ ਦੀ ਸਿਹਤ ਨੂੰ ਪਹਿਲ ਦੇਣ, ਸਮੇਂ ਸਿਰ ਟੈਸਟ ਕਰਵਾਉਣ ਅਤੇ ਬਿਨਾਂ ਕਿਸੇ ਆਰਥਿਕ ਬੋਝ ਦੇ ਮਾਹਿਰਾਂ ਦੀ ਸਲਾਹ ਲੈਣ ਲਈ ਪ੍ਰੇਰਿਤ ਕਰਨਾ ਚਾਹੁੰਦੇ ਸੀ। ਮਰੀਜ਼ਾਂ ਦੀ ਭਾਰੀ ਗਿਣਤੀ ਵਸਨੀਕਾਂ ਵਿੱਚ ਵੱਧ ਰਹੀ ਜਾਗਰੂਕਤਾ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਅਮਨਦੀਪ ਹਸਪਤਾਲ, ਉਜਾਲਾ ਸਿਗਨਸ ਦੇ ਨਾਲ ਮਿਲ ਕੇ ਪੰਜਾਬ ਭਰ ਵਿੱਚ ਉੱਨਤ ਦਿਲ ਦੀਆਂ ਸਿਹਤ ਸੇਵਾਵਾਂ ਅਤੇ ਕਮਿਊਨਿਟੀ ਹੈਲਥ ਪ੍ਰੋਗਰਾਮਾਂ ਦਾ ਲਗਾਤਾਰ ਵਿਸਥਾਰ ਕਰ ਰਿਹਾ ਹੈ ਤਾਂ ਜੋ ਹਰ ਕਿਸੇ ਲਈ ਮਿਆਰੀ ਸਿਹਤ ਸੇਵਾਵਾਂ ਯਕੀਨੀ ਬਣਾਈਆਂ ਜਾ ਸਕਣ। ਮਿੱਢਾ ਮਲਟੀ ਸਪੈਸ਼ਿਲਟੀ ਹਸਪਤਾਲ ਵਿਖੇ ਲਗਾਏ ਗਏ ਇਸ ਕੈਂਪ ਵਿੱਚ ਜਲਾਲਾਬਾਦ ਅਤੇ ਆਲੇ—ਦੁਆਲੇ ਇਲਾਕਿਆਂ ਦੇ ਲੋਕਾਂ ਨੇ ਵੱਧ—ਚੜ੍ਹ ਕੇ ਹਿੱਸਾ ਲਿਆ ਅਤੇ ਮੁਫ਼ਤ ਦਿਲ ਦੀ ਜਾਂਚ ਦਾ ਲਾਭ ਉਠਾਇਆ।

# ਕੇਂਦਰੀ ਪੰਜਾਬੀ ਲੇਖਕ ਸਭਾ ਦੇ ਧਰਨੇ ਵਿੱਚ ਬਾਬਾ ਬਕਾਲਾ ਸਾਹਿਤ ਸਭਾ ਨੇ ਕੀਤੀ ਭਰਵੀਂ ਸ਼ਮੂਲੀਅਤ





**ਚੌਕ ਮਹਿਤਾ,22 ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ)**- ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਅੱਜ ਮਾਤ ਭਾਸ਼ਾ ਦੇ ਹੱਕ ਵਿੱਚ ਚੰਡੀਗੜ ਵਿਖੇ ਦਿਤੇ ਗਏ ਵਿਸ਼ਾਲ ਰੋਸ ਮੁਜਹਾਰੇ ਵਿਚ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਸਭਾ ਦੇ ਮੁੱਖ ਸੰਚਾਲਕ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ. ਸ਼ੇਲਿੰਦਰਜੀਤ ਸਿੰਘ ਰਾਜਨ ਦੀ ਅਗਵਾਈ ਹੇਠ ਭਰਵੀਂ ਸਾਮੂਲੀਅਤ ਕੀਤੀ ਗਈ । ਇਸ ਮੌਕੇ ਸਭਾ ਦੇ ਅਹੁਦੇਦਾਰਾਂ ਮਾਸਟਰ ਮਨਜੀਤ ਸਿੰਘ ਵੱਸੀ, ਵਿਸ਼ਾਲ, ਮੱਖਣ ਸਿੰਘ ਭੈਣੀਵਾਲਾ, ਮਾਸਟਰ ਧਰਮ ਸਿੰਘ ਧਿਆਨਪੁਰੀ, ਡਾਕਟਰ ਕੁਲਵੰਤ ਸਿੰਘ ਬਾਠ, ਸੂਬੇਦਾਰ ਹਰਜਿੰਦਰ ਸਿੰਘ ਨਿੱਝਰ, ਡਾ ਪਰਮਜੀਤ ਸਿੰਘ ਬਾਠ ਅਤੇ ਤੇਜਪਾਲ ਸਿੰਘ ਰਾਣਾ ਆਦਿ ਹਾਜ਼ਰ ਸਨ।

# ਸਰਕਾਰੀ ਲਾਪਰਵਾਹੀ ਦੀ ਹੱਦ—ਅੰਮ੍ਰਿਤਸਰ ਡੀ.ਸੀ. ਦਫ਼ਤਰ ਦੇ ਮੁਲਾਜ਼ਮਾਂ ਤੇ ਲੱਗੇ ਗੰਭੀਰ ਦੋਸ਼, ਪੀੜਤ ਨੇ ਦਿੱਤੀ ਹਾਈਕੋਰਟ ਜਾਣ ਦੀ ਚੇਤਾਵਨੀ

ਫ਼ਿਰੋਜ਼ਪੁਰ, 22 ਮਈ (ਮਨੋਹਰ ਲਾਲ) :— ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਪ੍ਰਸ਼ਾਸਨਿਕ ਸੁਧਾਰਾਂ ਅਤੇ ਭ੍ਰਿਸ਼ਟਾਚਾਰ ਮੁਕਤ ਸ਼ਾਸਨ ਦੇ ਵੱਡੇ—ਵੱਡੇ ਦਾਅਵੇ ਕੀਤੇ ਜਾ ਰਹੇ ਹਨ, ਪਰ ਜ਼ਮੀਨੀ ਹਕੀਕਤ ਕੁਝ ਹੋਰ ਹੀ ਬਿਆਨ ਕਰ ਰਹੀ ਹੈ। ਤਾਜ਼ਾ ਮਾਮਲਾ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ (ਡੀ.ਸੀ.) ਦਫ਼ਤਰ ਨਾਲ ਸਬੰਧਤ ਸਾਹਮਣੇ ਆਇਆ ਹੈ, ਜਿੱਥੇ ਇੱਕ ਨਾਗਰਿਕ ਵੱਲੋਂ ਸਰਕਾਰੀ ਕਰਮਚਾਰੀਆਂ ਦੀ ਘੋਰ ਲਾਪਰਵਾਹੀ ਅਤੇ ਗੈਰ—ਜ਼ਿੰਮੇਵਾਰਾਨਾ ਰਵੱਈਏ ਤੋਂ ਤੰਗ ਆ ਕੇ ਸੋਸ਼ਲ ਮੀਡੀਆ ਰਾਹੀਂ ਆਪਣਾ ਗੁੱਸਾ ਜ਼ਾਹਰ ਕੀਤਾ ਹੈ। ਪੀੜਤ ਨੇ ਦੋਸ਼ ਲਾਇਆ ਕਿ ਲਗਾਤਾਰ ਪੰਜ ਮਹੀਨਿਆਂ ਤੋਂ ਚੱਕਰ ਕੱਟਣ ਦੇ ਬਾਵਜੂਦ ਉਸ ਦਾ ਜਾਇਜ਼ ਕੰਮ ਨਹੀਂ ਕੀਤਾ ਗਿਆ ਅਤੇ ਮਾਮਲੇ ਨੂੰ ਜਾਣਬੁੱਝ ਕੇ ਲਟਕਾਇਆ ਜਾ ਰਿਹਾ ਹੈ।



ਪ੍ਰਾਪਤ ਜਾਣਕਾਰੀ ਅਨੁਸਾਰ ਪੀੜਤ ਇਕਬਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਇੱਕ ਗੈਰ—ਰਜਿਸਟਰਡ ਦਸਤਾਵੇਜ਼ (ਆਈ.ਡੀ. ਨੰਬਰ 83664906) ਮਿਤੀ 7 ਜਨਵਰੀ 2026 ਨੂੰ ਜਮ੍ਹਾਂ ਕਰਵਾਇਆ ਸੀ, ਇਸ ਦਸਤਾਵੇਜ਼ ਦੀ ਡਿਲੀਵਰੀ ਮਿਤੀ 21 ਜਨਵਰੀ 2026 ਤੈਅ ਕੀਤੀ ਗਈ ਸੀ, ਇਹ ਦਸਤਾਵੇਜ਼ ਡੀ.ਸੀ. ਦਫ਼ਤਰ ਅੰਮ੍ਰਿਤਸਰ ਦੇ ਅਸਿਸਟੈਂਟ ਕਲੈਕਟਰ ਰਿਫਿਊਜੀ ਕਲੇਮ ਵਿਭਾਗ ਨਾਲ ਸਬੰਧਤ ਹੈ ਅਤੇ ਇਸ ਤੇ ਸਪੱਸ਼ਟ ਤੌਰ ਤੇ ਵਿਭਾਗੀ ਮੋਹਰ ਵੀ ਲੱਗੀ ਹੋਈ ਹੈ। ਪੀੜਤ ਦਾ ਦੋਸ਼ ਹੈ ਕਿ ਦਫ਼ਤਰ ਦੇ ਕਰਮਚਾਰੀ ਦਸਤਾਵੇਜ਼ ਤੇ ਲੱਗੀ ਮੋਹਰ ਨੂੰ ਨਜ਼ਰਅੰਦਾਜ਼ ਕਰਕੇ ਉਨ੍ਹਾਂ ਨੂੰ ਗਲਤ ਤਰੀਕੇ ਨਾਲ ਤਹਿਸੀਲਦਾਰ ਅਜਨਾਲਾ ਦੇ ਚੱਕਰ ਕਟਵਾ ਰਹੇ ਹਨ, ਜਦਕਿ ਇਸ ਕੇਸ ਦਾ ਅਜਨਾਲਾ ਤਹਿਸੀਲ ਨਾਲ ਕੋਈ ਸਬੰਧ ਹੀ ਨਹੀਂ ਹੈ। ਗੱਲਬਾਤ ਕਰਦਿਆਂ ਇਕਬਾਲ ਸਿੰਘ ਨੇ ਦਫ਼ਤਰੀ ਨਾਕਾਮੀ ਦਾ ਪਰਦਾਫਾਸ਼ ਕਰਦਿਆਂ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਇੱਕ ਹੋਰ ਵੱਡੀ ਗਲਤੀ ਕੀਤੀ ਗਈ ਹੈ। ਕਿਸੇ ਜੀਤ ਰਾਮ ਨਾਮ ਦੇ ਵਿਅਕਤੀ ਨੇ ਸਾਲ 2025 ਵਿੱਚ ਅਪਲਾਈ ਕੀਤਾ ਸੀ, ਪਰ ਦਫ਼ਤਰੀ ਮੁਲਾਜ਼ਮਾਂ ਨੇ ਇਕਬਾਲ ਸਿੰਘ (ਜਿਨ੍ਹਾਂ ਨੇ 2026 ਵਿੱਚ ਅਪਲਾਈ ਕੀਤਾ) ਨੂੰ ਜੀਤ ਰਾਮ ਨਾਲ ਸਬੰਧਤ ਨਕਲ ਡਿਲੀਵਰ ਕਰ ਦਿੱਤੀ।

# ਵਾਰਡ ਨੰਬਰ 16 ਤੋਂ ਭਾਜਪਾ ਉਮੀਦਵਾਰ ਮੋਹਿਤ ਢੱਲ ਦੇ ਪੱਖ ਵਿੱਚ ਬੀਬੀਆਂ ਨੇ ਸੰਭਾਲੀ ਕਮਾਨ, ਘਰ—ਘਰ ਜਾ ਕੇ ਮੰਗੀਆਂ ਵੋਟਾਂ

ਫ਼ਿਰੋਜ਼ਪੁਰ, 22 ਮਈ (ਮਨੋਹਰ ਲਾਲ) :— ਫ਼ਿਰੋਜ਼ਪੁਰ ਸ਼ਹਿਰ ਵਿੱਚ ਨਗਰ ਕੌਂਸਲ ਚੋਣਾਂ ਦਾ ਬਿਗਲ ਵੱਜਦਿਆਂ ਹੀ ਸਿਆਸੀ ਮਾਹੌਲ ਪੂਰੀ ਤਰ੍ਹਾਂ ਭੱਖ ਚੁੱਕਾ ਹੈ। ਸਥਾਨਕ ਰਾਜਨੀਤੀ ਵਿੱਚ ਸਰਗਰਮੀਆਂ ਆਪਣੇ ਸਿਖਰਾਂ 'ਤੇ ਪਹੁੰਚ ਗਈਆਂ ਹਨ ਅਤੇ ਚੋਣ ਮੈਦਾਨ ਵਿੱਚ ਉਤਰਿਆ ਹਰ ਇੱਕ ਉਮੀਦਵਾਰ ਆਪਣੀ ਜਿੱਤ ਯਕੀਨੀ ਬਣਾਉਣ ਲਈ ਦਿਨ—ਰਾਤ ਇੱਕ ਕਰ ਰਿਹਾ ਹੈ। ਇਸੇ ਲੜੀ ਤਹਿਤ ਵਾਰਡ ਨੰਬਰ 16 ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਉਮੀਦਵਾਰ ਮੋਹਿਤ ਢੱਲ ਦੀ ਚੋਣ ਮੁਹਿੰਮ ਨੂੰ ਉਸ ਵੇਲੇ ਵੱਡਾ ਹੁੰਗਾਰਾ ਮਿਲਿਆ, ਜਦੋਂ ਇਲਾਕੇ ਦੀਆਂ ਬੀਬੀਆਂ ਨੇ ਚੋਣ ਪ੍ਰਚਾਰ ਦੀ ਕਮਾਨ ਪੂਰੀ ਤਰ੍ਹਾਂ ਆਪਣੇ ਹੱਥਾਂ ਵਿੱਚ ਲੈ ਲਈ।



ਵਾਰਡ ਨੰਬਰ 16 ਵਿੱਚ ਚੋਣ ਪ੍ਰਚਾਰ ਦੌਰਾਨ ਉਸ ਵੇਲੇ ਇੱਕ ਪ੍ਰਭਾਵਸ਼ਾਲੀ ਦ੍ਰਿਸ਼ ਦੇਖਣ ਨੂੰ ਮਿਲਿਆ, ਜਦੋਂ ਭਾਜਪਾ ਉਮੀਦਵਾਰ ਮੋਹਿਤ ਢੱਲ ਦੇ ਹੱਕ ਵਿੱਚ ਬੀਬੀਆਂ ਦਾ ਇੱਕ ਬਹੁਤ ਵੱਡਾ ਕਾਫ਼ਲਾ ਸੜਕਾਂ 'ਤੇ ਉਤਰਿਆ। ਇਸ ਮਹਿਲਾ ਸ਼ਕਤੀ ਪ੍ਰਦਰਸ਼ਨ ਨੇ ਵਿਰੋਧੀ ਖੇਮਿਆਂ ਵਿੱਚ ਹਲਚਲ ਪੈਦਾ ਕਰ ਦਿੱਤੀ। ਬੀਬੀਆਂ ਵੱਲੋਂ ਵਾਰਡ ਦੇ ਵੱਖ—ਵੱਖ ਬਾਜ਼ਾਰਾਂ, ਗਲੀਆਂ ਅਤੇ ਮੁਹੱਲਿਆਂ ਵਿੱਚ ਪੈਦਲ ਮਾਰਚ ਕਰਕੇ ਭਾਜਪਾ ਦੇ ਪੱਖ ਵਿੱਚ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ ਅਤੇ ਮੋਹਿਤ ਢੱਲ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਦੀ ਅਪੀਲ ਕੀਤੀ ਗਈ। ਇਸ ਚੋਣ ਮੁਹਿੰਮ ਦੌਰਾਨ ਮਹਿਲਾ ਸਮਰਥਕਾਂ ਵੱਲੋਂ ਵਾਰਡ ਦੇ ਹਰ ਇੱਕ ਘਰ ਦਾ ਬੂਹਾ ਖੜਕਾਇਆ ਜਾ ਰਿਹਾ ਹੈ। ਬੀਬੀਆਂ ਵੱਲੋਂ ਘਰ—ਘਰ ਜਾ ਕੇ ਵੋਟਰਾਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ ਅਤੇ ਪਰਿਵਾਰਾਂ ਦੀਆਂ ਮਹਿਲਾ ਮੈਂਬਰਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਥਾਨਕ ਸਮੱਸਿਆਵਾਂ ਨੂੰ ਸੁਣਿਆ ਜਾ ਰਿਹਾ ਹੈ। ਪ੍ਰਚਾਰ ਦੌਰਾਨ ਬੀਬੀਆਂ ਨੇ ਵੋਟਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਮੋਹਿਤ ਢੱਲ ਇੱਕ ਇਮਾਨਦਾਰ, ਮਿਹਨਤੀ ਅਤੇ ਲੋਕਾਂ ਦੇ ਦੁੱਖ—ਸੁੱਖ ਵਿੱਚ ਖੜ੍ਹਨ ਵਾਲੇ ਉਮੀਦਵਾਰ ਹਨ, ਜੋ ਵਾਰਡ ਦੀ ਨੁਹਾਰ ਬਦਲਣ ਦੀ ਪੂਰੀ ਸਮਰੱਥਾ ਰੱਖਦੇ ਹਨ।




ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਨਗਰ ਸਿਆਲਕਾ ਵਿਖੇ

# ਸਜਾਏ ਧਾਰਮਿਕ ਦੀਵਾਨ 'ਚ ਬੇਅੰਤ ਸੰਗਤਾਂ ਨੇ ਹਾਜ਼ਰੀ ਭਰੀ

## 1 ਤੋਂ 6 ਜੂਨ ਦੇ ਸ਼ਹੀਦੀ ਸਮਾਗਮਾਂ 'ਚ ਸੰਗਤਾਂ ਵੱਧ ਚੜ ਕੇ ਹਾਜ਼ਰੀਆਂ ਭਰਨ : ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ













ਚੌਂਕ ਮਹਿਤਾ, 22 ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ)-ਜੂਨ 1984 (ਤੀਸਰਾ ਘੱਲੂਘਾਰਾ) ਦੇ ਸ਼ਹੀਦਾਂ ਦੀ ਯਾਦ ਵਿਚ 42ਵਾਂ ਸ਼ਹੀਦੀ ਸਮਾਗਮ ਦਮਦਮੀ ਟਕਸਾਲ ਦੇ ਹੈੱਡ ਕੁਆਟਰ ਗੁਰਦਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ 6 ਜੂਨ ਨੂੰ ਅੰਤਰਰਾਸ਼ਟਰੀ ਪੱਧਰ ਤੇ ਮਨਾਇਆ ਜਾਵੇਗਾ। ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਅਗਵਾਈ ਵਿੱਚ 1 ਮਈ ਤੋਂ ਸ਼ੁਰੂ ਹੋਏ ਧਾਰਮਿਕ ਜਿਸ ਸਬੰਧੀ ਧਾਏ ਜਾ ਰਹੇ ਸ਼ਹੀਦੀ ਦੀਵਾਨਾਂ ਦੀ ਲੜੀ ਦੇ ਤਹਿਤ ਅੱਜ ਨਗਰ ਸਿਆਲਕਾ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਾਮ ਵੇਲੇ ਦੇ ਦੀਵਾਨ ਸਜਾਏ ਗਏ। ਜਿਸ ਦੌਰਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਮੀਰੀ ਪੀਰੀ ਦੇ ਮਾਲਕ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੀਵਨ ਬਿਰਤਾਂਤ ਨਾਲ ਸਬੰਧਤ ਗੁਰ ਇਤਹਾਸ ਦੀ ਲੜੀਵਾਰ ਕਥਾ ਸਰਵਨ ਕਰਵਾ ਕੇ ਦੀਵਾਨ ਵਿਚ ਜੁੜੀਆਂ ਬੇਅੰਤ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦੌਰਾਨ ਗਿਆਨੀ ਖਾਲਸਾ ਨੇ ਚਿੰਤਾ ਜਹਿਰ ਕਰਦਿਆਂ ਕਿਹਾ ਕਿ ਅੱਜਕਲ ਜੋ ਲੋਕ ਖੁਸ਼ੀ ਗਮੀਂ ਦੇ ਵੇਲੇ ਜਪੁਜੀ ਸਾਹਿਬ ਜਾਂ ਸੁਖਮਨੀ ਸਾਹਿਬ ਦਾ ਪਾਠ ਕਰਵਾਉਣ ਲੱਗ ਪਏ ਹਨ ਉਹ ਆਪਣੀਆਂ ਪਰੰਪਰਾਵਾਂ ਨੂੰ ਨਾਂ ਭੁੱਲਣ, ਕਿਉਂਕਿ ਜਿਸ ਥਾਂ 'ਤੇ ਗੁਰੂ ਸਾਹਿਬ ਦੇ ਚਰਨ ਪੈ ਜਾਂਦੇ ਹਨ ਉਹ ਧਰਤੀ ਭਾਗਾਂ ਵਾਲੀ ਹੋ ਜਾਂਦੀ ਹੈ, ਉਥੇ "ਨੌ ਨਿਧੀਆਂ ਅਠਾਰਾਂ ਸਿੱਧੀਆਂ" ਸੁਖ ਸ਼ਾਂਤੀ ਬਰਕਤਾਂ ਦਾ ਵਾਸ ਹੁੰਦਾ ਹੈ। ਇਸ ਲਈ ਗੁਰੂ ਸਾਹਿਬਾਨਾਂ ਦੇ ਹੁਕਮ ਅਨੁਸਾਰ ਸਾਨੂੰ ਹਰ ਖੁਸ਼ੀ ਗਮੀ ਦੇ ਵੇਲੇ ਸ਼੍ਰੀ ਅਖੰਡ ਪਾਠ ਸਾਹਿਬ ਦਾ ਪਾਠ ਜਾਂ ਸਹਿਜ ਪਾਠ ਕਰਵਾ ਕੇ ਇਸ ਮਰਿਆਦਾ ਨੂੰ ਬਣਾਈ ਰੱਖਣਾ ਚਾਹੀਦਾ ਹੈ। ਬਾਬਾ ਹਰਨਾਮ ਸਿੰਘ ਖਾਲਸਾ ਨੇ ਸੰਗਤ ਨੂੰ ਅਪੀਲ ਕਰਦਿਆਂ ਆਖਿਆ ਕਿ ਦਮਦਮੀ ਟਕਸਾਲ ਦੇ ਹੈਡ ਕੁਾਰਟਰ ਗੁਰਦੁਆਰਾ ਗੁਰੂ ਦਰਸ਼ਨ ਪ੍ਰਕਾਸ਼ ਮਹਿਤਾ ਵਿਖੇ 1 ਜੂਨ ਤੋਂ 5 ਜੂਨ ਤੱਕ ਸ਼ਹੀਦੀ ਹਫਤੇ ਦੌਰਾਨ ਰੋਜਾਨਾ ਸ਼ਾਮ 4 ਤੋਂ 6 ਵਜੇ ਤਕ ਦੀਵਾਨ ਸੱਜਿਆ ਕਰਨਗੇ। 6 ਜੂਨ ਨੂੰ 42ਵਾਂ ਮਹਾਨ ਸ਼ਹੀਦੀ ਜੋੜਮੇਲਾ ਮਨਾਇਆ ਜਾਵੇਗਾ। ਸੋ ਆਪ ਸਭ ਸੰਗਤਾਂ ਦਾ ਮੁੱਢਲਾ ਫਰਜ ਹੈ ਕਿ ਤੁਸੀਂ ਸ਼ਹੀਦਾਂ ਨੂੰ ਸਤਿਕਾਰ ਭੇਟ ਕਰਨ ਲਈ ਹੁੰਮ ਹਮਾਂ ਕੇ ਇਨਾਂ ਸਮਾਗਮਾਂ ਵਿੱਚ ਹਾਜਰੀਆਂ ਭਰੋ। ਸਮਾਗਮ ਦੇ ਅਖੀਰ ਵਿਚ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਹੈੱਡ ਗ੍ਰੰਥੀ ਭਾਈ ਨਿਸ਼ਾਨ ਸਿੰਘ, ਬਲਵਿੰਦਰ ਸਿੰਘ, ਤੇਗਬਿਰ ਸਿੰਘ ਸਿਆਲਕਾ ਅਤੇ ਹੋਰ ਪ੍ਰਬੰਧਕਾਂ ਨੇ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਦੇ ਸਤਿਕਾਰ ਵਿਚ ਦਸਤਾਰ ਅਤੇ ਸਿਰੋਪਾਓ ਭੇਟ ਕੀਤਾ। ਇਸ ਸਮੇਂ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਜੱਥੇ ਨੇ ਰਸਮਈ ਕੀਰਤਨ ਸਰਵਣ ਕਰਵਾ ਕੇ ਸੰਗਤ ਨੂੰ ਨਿਹਾਲ ਕੀਤਾ, ਪੋਥੀ ਦੇ ਪਾਠ ਦੀ ਸੇਵਾ ਭਾਈ ਸਤਨਾਮ ਸਿੰਘ ਖਾਲਸਾ ਨੇ ਨਿਭਾਈ ਅਤੇ ਸਟੇਜ ਸੰਚਾਲਨ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ ਨੇ ਕੀਤਾ। ਇਸ ਮੌਕੇ ਇਸ ਮੌਕੇ ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਜਥੇਦਾਰ ਸੁਖਦੇਵ ਸਿੰਘ, ਹੈੱਡ ਗ੍ਰੰਥੀ ਗਿਆਨੀ ਗੁਰਦੀਪ ਸਿੰਘ, ਜਥੇਦਾਰ ਬਾਬਾ ਅਜੀਤ ਸਿੰਘ ਮੁੱਖੀ ਤਰਨਾ ਦਲ ਮਹਿਤਾ, ਜਥੇਦਾਰ ਬਾਬਾ ਬੋਹੜ ਸਿੰਘ, ਗਿਆਨੀ ਗੁਰਬਾਜ ਸਿੰਘ, ਗਿਆਨੀ ਸਾਹਿਬ ਸਿੰਘ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ ਤੇ ਡਾਕਟਰ ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖਾਲਸਾ ਦੀਵਾਨ), ਭਾਈ ਜੁਝਾਰ ਸਿੰਘ, ਭਾਈ ਪ੍ਰਭਜੀਤ ਸਿੰਘ, ਭਾਈ ਸਤਨਾਮ ਸਿੰਘ, ਭਾਈ ਗੁਰਪ੍ਰੀਤ ਸਿੰਘ ਵੈਦ, ਪ੍ਰੋਫਸਰ ਗਿਆਨੀ ਜੋਬਨਜੀਤ ਸਿੰਘ, ਭਾਈ ਨਿਰਮਲ ਸਿੰਘ, ਗਿਆਨੀ ਮੋਹਣ ਸਿੰਘ, ਭਾਈ ਗੁਰਕਿਰਪਾਲ ਸਿੰਘ, ਭਾਈ ਪ੍ਰਕਾਸ਼ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ। ••

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਪੰਜਾਬ ਦੇ ਨੌਜਵਾਨੋ, ਬਾਜ਼ ਬਣੋ—ਕਾਕਰੋਚ ਨਹੀਂ: ਕਰਨੈਲ ਸਿੰਘ ਪੀਰ ਮੁਹੰਮਦ



**ਚੰਡੀਗੜ੍ਹ 22 ਮਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਅਤੇ ਦੇਸ਼ ਦੇ ਨੌਜਵਾਨਾਂ ਨੂੰ ਅੱਜ ਸਭ ਤੋਂ ਵੱਧ ਲੋੜ ਗੰਭੀਰ ਆਤਮ-ਚਿੰਤਨ ਅਤੇ ਸੂਝਬੂਝ ਨਾਲ ਸੋਚਣ ਦੀ ਹੈ। ਸੋਸ਼ਲ ਮੀਡੀਆ ਉੱਤੇ ਹਰ ਰੋਜ਼ ਨਵੇਂ ਟਰੈਂਡ, ਮੀਮ, ਰੀਲਾਂ, ਸਸਤੇ ਤਮਾਸ਼ੇ ਅਤੇ ਸਿਆਸੀ ਵਿਅੰਗ ਚੱਲਦੇ ਹਨ, ਜਿੱਥੇ ਕਦੇ ਕਿਸੇ ਪਾਰਟੀ ਦਾ ਮਜ਼ਾਕ ਉਡਾਇਆ ਜਾਂਦਾ ਹੈ ਤੇ ਕਦੇ ਕਿਸੇ ਆਗੂ ਦਾ। ਪਰ ਵੱਡਾ ਸਵਾਲ ਇਹ ਹੈ ਕਿ ਕੀ ਇਹ ਸਭ ਪੰਜਾਬ ਦੇ ਭਖਦੇ ਅਸਲ ਮੁੱਦਿਆਂ ਦਾ ਹੱਲ ਹੈ? ਇਨ੍ਹਾਂ ਗੰਭੀਰ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸੀਨੀਅਰ ਮੀਤ ਪ੍ਰਧਾਨ ਸ. ਕਰਨੈਲ ਸਿੰਘ ਪੀਰ ਮੁਹੰਮਦ ਨੇ ਅੱਜ ਦੇਸ਼ ਅਤੇ ਪੰਜਾਬ ਦੀ ਨੌਜਵਾਨੀ ਦੇ ਨਾਂ ਇੱਕ ਵਿਸ਼ੇਸ਼ ਪ੍ਰੈੱਸ ਬਿਆਨ ਜਾਰੀ ਕਰਦਿਆਂ ਕੀਤਾ। ਸ. ਪੀਰ ਮੁਹੰਮਦ ਨੇ ਮੌਜੂਦਾ ਹਾਲਾਤ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਜਦੋਂ ਦੇਸ਼ ਅਤੇ ਪੰਜਾਬ ਕਈ ਨਾਜ਼ੁਕ ਮੋੜਾਂ ਵਿੱਚੋਂ ਲੰਘ ਰਹੇ ਹਨ, ਉਦੋਂ ਨੌਜਵਾਨੀ ਦੀ ਊਰਜਾ ਨੂੰ ਟਰੋਲ ਆਰਮੀ ਅਤੇ ਸੋਸ਼ਲ ਮੀਡੀਆ ਦੀਆਂ ਬੇਮਤਲਬ ਬਹਿਸਾਂ ਵਿੱਚ ਬਰਬਾਦ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਜ ਦੇ ਮੁੱਖ ਰਾਸ਼ਟਰੀ ਅਤੇ ਖੇਤਰੀ ਮੁੱਦਿਆਂ ਵੱਲ ਧਿਆਨ ਦਿਵਾਉਂਦਿਆਂ ਕਿਹਾ ਕਿ ਸਾਡਾ ਮੁਕਾਬਲਾ ਬੇਰੁਜ਼ਗਾਰੀ, ਪੇਪਰ ਲੀਕ ਦੇ ਕੋਹੜ, ਬੇਤਹਾਸ਼ਾ ਹੋ ਰਹੇ ਪਰਵਾਸ, ਆਰਥਿਕ ਮੰਦਹਾਲੀ, ਸੂਬੇ ਸਿਰ ਚੜ੍ਹੇ ਭਾਰੀ ਕਰਜ਼ੇ, ਖੇਤੀਬਾੜੀ ਸੰਕਟ ਅਤੇ ਕੁਦਰਤੀ ਸਰੋਤਾਂ ਦੀ ਹੋ ਰਹੀ ਲੁੱਟ ਵਰਗੀਆਂ ਵੱਡੀਆਂ ਚੁਣੌਤੀਆਂ ਨਾਲ ਹੈ।


ਅਕਾਲੀ ਆਗੂ ਨੇ ਵਿਸ਼ੇਸ਼ ਤੌਰ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਅੱਜ ਸੋਸ਼ਲ ਮੀਡੀਆ ਦੇ ਉੱਪਰ ਜੋ ਕੁਝ ਚੱਲ ਰਿਹਾ ਹੈ, ਉਹ ਬੇਹੱਦ ਗੰਭੀਰ ਮਸਲਾ ਹੈ ਅਤੇ ਇਹ ਨੌਜਵਾਨਾਂ ਦੀ ਮਾਨਸਿਕਤਾ ਨੂੰ ਗੁੰਮਰਾਹ ਕਰ ਰਿਹਾ ਹੈ। ਦੇਸ਼ ਦੀ ਸਰਕਾਰ ਨੂੰ ਇਸ ਮਸਲੇ ਨੂੰ ਬੇਹੱਦ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਨੌਜਵਾਨਾਂ ਦੇ ਵਿੱਚ ਹਰ ਦਿਨ ਵੱਧ ਰਹੀ ਨਿਰਾਸ਼ਤਾ ਅਤੇ ਅਸੁਰੱਖਿਆ ਦੀ ਭਾਵਨਾ ਨੂੰ ਦੂਰ ਕਰਨ ਅਤੇ ਉਨ੍ਹਾਂ ਨੂੰ ਸੰਤੁਸ਼ਟ ਕਰਨ ਵਾਸਤੇ ਸਰਕਾਰਾਂ ਵੱਲੋਂ ਵੱਧ ਤੋਂ ਵੱਧ ਨੌਕਰੀਆਂ ਅਤੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਅਜੋਕੇ ਦੌਰ ਦੇ ਹਿਸਾਬ ਨਾਲ ਨੌਜਵਾਨਾਂ ਦੀ ਕਾਬਲੀਅਤ ਅਤੇ ਹੁਨਰ ਨੂੰ ਵਧਾਉਣ ਲਈ ਦੇਸ਼ ਦੇ ਅੰਦਰ ਅਤੇ ਵੱਖ-ਵੱਖ ਰਾਜਾਂ ਵਿੱਚ ਵੱਧ ਤੋਂ ਵੱਧ ਸਕਿੱਲ ਯੂਨੀਵਰਸਿਟੀਆਂ ਸਥਾਪਿਤ ਕੀਤੀਆਂ ਜਾਣ, ਤਾਂ ਜੋ ਨੌਜਵਾਨ ਹੁਨਰਮੰਦ ਹੋ ਕੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ। ਦੇਸ਼-ਦੁਨੀਆਂ ਅੰਦਰ ਇਸ ਨੌਜਵਾਨ ਸ਼ਕਤੀ ਨੂੰ ਸਹੀ ਦਿਸ਼ਾ ਦੇਣੀ ਅੱਜ ਦੀ ਰਾਜਨੀਤਿਕ ਲੀਡਰਸ਼ਿਪ ਦੀ ਸਭ ਤੋਂ ਮੁੱਖ ਜ਼ਿੰਮੇਵਾਰੀ ਹੈ। ਉਨ੍ਹਾਂ ਦੇਸ਼ ਅਤੇ ਰਾਜਾਂ ਦੀ ਸਮੁੱਚੀ ਲੀਡਰਸ਼ਿਪ ਨੂੰ ਤਾਕੀਦ ਕੀਤੀ ਕਿ ਉਹ ਭ੍ਰਿਸ਼ਟਾਚਾਰ, ਲੁੱਟ-ਤੰਤਰ ਅਤੇ ਪਰਿਵਾਰਵਾਦ ਵਰਗੀਆਂ ਘਿਨੌਣੀਆਂ ਗੱਲਾਂ ਤੋਂ ਆਪਣੇ ਆਪ ਨੂੰ ਦੂਰ ਕਰਕੇ ਨੌਜਵਾਨਾਂ ਦੇ ਭਵਿੱਖ ਵੱਲ ਧਿਆਨ ਦੇਣ।

ਸ. ਪੀਰ ਮੁਹੰਮਦ ਨੇ ਆਖਿਆ ਕਿ ਸਿੱਖ ਕੌਮ ਦਾ ਇਤਿਹਾਸ ਹਿੰਮਤ, ਸੂਝ, ਉੱਚੇ ਕਿਰਦਾਰ ਅਤੇ ਸੰਘਰਸ਼ ਦਾ ਇਤਿਹਾਸ ਹੈ। ਸਾਡੇ ਗੁਰੂਆਂ ਨੇ ਸਾਨੂੰ ਚੜ੍ਹਦੀ ਕਲਾ, ਇਨਸਾਫ਼, ਮਨੁੱਖੀ ਅਧਿਕਾਰਾਂ ਅਤੇ ਸੱਚ ਲਈ ਖੜ੍ਹਨਾ ਸਿਖਾਇਆ ਹੈ। ਸਾਡਾ ਰਹਿਬਰ 'ਬਾਜ਼ਾਂ ਵਾਲਾ' ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਹੈ, ਜਿਨ੍ਹਾਂ ਨੇ ਸਾਨੂੰ ਗੁਲਾਮੀ ਦੀ ਸੋਚ ਤੋਂ ਮੁਕਤ ਕਰਕੇ ਬਾਜ਼ ਵਰਗੀ ਉੱਚੀ ਤੇ ਆਜ਼ਾਦ ਉਡਾਣ ਭਰਨੀ ਸਿਖਾਈ। ਇਸ ਲਈ ਪੰਜਾਬ ਦੇ ਨੌਜਵਾਨੋ, ਬਾਜ਼ ਬਣੋ, ਨਾ ਕਿ ਕੋਈ ਕਾਕਰੋਚ, ਜੋ ਸਿਰਫ਼ ਗੰਦਗੀ ਵਿੱਚ ਰਹਿ ਕੇ ਇੱਕ ਦੂਜੇ ਨੂੰ ਨੀਵਾਂ ਦਿਖਾਉਣ ਵਾਲੀ ਨਕਾਰਾਤਮਕ ਸੋਚ ਵਿੱਚ ਜਿਉਂਦੇ ਹਨ।

ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਵੀ ਸਿਆਸੀ ਪਾਰਟੀ ਜਾਂ ਆਗੂ ਦਾ ਸਮਰਥਨ ਜਾਂ ਵਿਰੋਧ ਸਿਰਫ਼ ਸੋਸ਼ਲ ਮੀਡੀਆ ਦੇ ਮੀਮਾਂ ਜਾਂ ਅੰਨ੍ਹੀਆਂ ਭਾਵਨਾਵਾਂ ਦੇ ਆਧਾਰ 'ਤੇ ਨਹੀਂ, ਸਗੋਂ ਉਸ ਦੀਆਂ ਨੀਤੀਆਂ, ਪੰਜਾਬ ਦੇ ਮੁੱਦਿਆਂ ਪ੍ਰਤੀ ਪਹੁੰਚ ਅਤੇ ਕੀਤੇ ਗਏ ਠੋਸ ਕੰਮਾਂ ਦੇ ਆਧਾਰ 'ਤੇ ਹੋਣਾ ਚਾਹੀਦਾ ਹੈ। ਉਨ੍ਹਾਂ ਆਖਿਰ ਵਿੱਚ ਸੱਦਾ ਦਿੱਤਾ ਕਿ ਜੇਕਰ ਪੰਜਾਬ ਦੀ ਨੌਜਵਾਨੀ ਸੂਝਵਾਨ ਸੋਚ ਨਾਲ ਇੱਕ ਮੰਚ 'ਤੇ ਲਾਮਬੰਦ ਹੋਵੇ, ਤਾਂ ਸੂਬੇ ਵਿੱਚ ਇੱਕ ਐਸੀ ਸੁਹਿਰਦ ਅਤੇ ਮਜ਼ਬੂਤ ਧਿਰ ਖੜ੍ਹੀ ਹੋ ਸਕਦੀ ਹੈ ਜੋ ਪੰਜਾਬ ਅਤੇ ਸਿੱਖਾਂ ਦੇ ਹੱਕਾਂ ਦੀ ਰਾਖੀ ਕਰਦਿਆਂ ਸੂਬੇ ਦੇ ਭਵਿੱਖ ਨੂੰ ਸੁਰੱਖਿਅਤ ਅਤੇ ਸੁਨਹਿਰੀ ਬਣਾ ਸਕੇ। ਸਿਆਸੀ ਕਲੋਲਾਂ ਅਤੇ ਸਸਤੇ ਤਮਾਸ਼ਿਆਂ ਨੂੰ ਛੱਡ ਕੇ ਅਸਲ ਮਸਲਿਆਂ ਲਈ ਜਾਗਰੂਕ ਹੋਣਾ ਹੀ ਸਮੇਂ ਦੀ ਸਭ ਤੋਂ ਵੱਡੀ ਪੁਕਾਰ ਹੈ।

## ਪੀ.ਕੇ.ਐਸ. ਇੰਟਰਨੈਸ਼ਨਲ ਸਕੂਲ ਬੱਲੂਆਣਾ ਵਿਖੇ

# ਦੋ ਰੋਜ਼ਾ ਮੁਫ਼ਤ ਅੱਖਾਂ ਦਾ ਚੈਕਅੱਪ ਕੈਂਪ ਸਫ਼ਲਤਾਪੂਰਵਕ ਸੰਪੰਨ



**ਬਠਿੰਡਾ, 23 ਮਈ (ਗੁਰਜੰਟ ਸਿੰਘ ਨਥੇਹਾ)**-ਸਥਾਨਕ ਬਠਿੰਡਾ-ਮਲੋਟ ਮੁੱਖ ਮਾਰਗ 'ਤੇ ਸਥਿਤ ਇਲਾਕੇ ਦੀ ਪ੍ਰਸਿੱਧ ਵਿਦਿਅਕ ਸੰਸਥਾ ਪੀ.ਕੇ.ਐਸ. ਇੰਟਰਨੈਸ਼ਨਲ ਸਕੂਲ, ਬੱਲੂਆਣਾ ਵਿਖੇ 'ਨਿਊ ਪੋਲਸ ਹੈਲਥਕੇਅਰ' ਦੇ ਵਿਸ਼ੇਸ਼ ਸਹਿਯੋਗ ਨਾਲ ਲਗਾਇਆ ਗਿਆ ਅੱਖਾਂ ਦਾ ਦੋ ਰੋਜ਼ਾ ਮੁਫ਼ਤ ਜਾਂਚ ਕੈਂਪ ਅੱਜ ਸਫ਼ਲਤਾਪੂਰਵਕ ਸਮਾਪਤ ਹੋ ਗਿਆ। ਇਸ ਕੈਂਪ ਦਾ ਮੁੱਖ ਉਦੇਸ਼ ਸਕੂਲੀ ਵਿਦਿਆਰਥੀਆਂ ਨੂੰ ਅੱਖਾਂ ਦੀਆਂ ਵੱਖ-ਵੱਖ ਬਿਮਾਰੀਆਂ ਤੋਂ ਬਚਾਉਣਾ ਅਤੇ ਸਿਹਤ ਪ੍ਰਤੀ ਜਾਗਰੂਕ ਕਰਨਾ ਸੀ, ਜਿਸ ਵਿੱਚ ਸਕੂਲ ਦੇ ਲਗਭਗ ਇੱਕ ਹਜਾਰ ਦੇ ਕਰੀਬ ਵਿਦਿਆਰਥੀਆਂ ਨੇ ਆਪਣੀਆਂ ਅੱਖਾਂ ਦੀ ਜਾਂਚ ਕਰਵਾਈ। ਕੈਂਪ ਦੇ ਦੌਰਾਨ ਸਕੂਲ ਦੇ ਦੂਜੀ ਜਮਾਤ ਤੋਂ ਲੈ ਕੇ 11ਵੀਂ ਜਮਾਤ ਤੱਕ ਦੇ ਸਾਰੇ ਵਿਦਿਆਰਥੀਆਂ ਦੀਆਂ ਅੱਖਾਂ ਦੀ ਆਧੁਨਿਕ ਅਤੇ ਕੰਪਿਊਟਰਾਈਜ਼ਡ ਮਸ਼ੀਨਾਂ ਰਾਹੀਂ ਬਾਰੀਕੀ ਨਾਲ ਜਾਂਚ ਕੀਤੀ ਗਈ। ਇਸ ਮੌਕੇ ਗੱਲਬਾਤ ਕਰਦਿਆਂ ਮਾਹਿਰਾਂ ਨੇ ਦੱਸਿਆ ਕਿ ਅਜੋਕੇ ਡਿਜੀਟਲ ਯੁੱਗ ਵਿੱਚ ਮੋਬਾਈਲ, ਟੈਬਲੇਟ, ਕੰਪਿਊਟਰ ਅਤੇ ਆਨਲਾਈਨ ਪੜ੍ਹਾਈ ਦੇ ਵਧ ਰਹੇ ਪ੍ਰਭਾਵ ਕਾਰਨ ਬੱਚਿਆਂ ਦੀ ਨਜ਼ਰ 'ਤੇ ਬਹੁਤ ਮਾੜਾ ਅਸਰ ਪੈ ਰਿਹਾ ਹੈ। ਛੋਟੀ ਉਮਰ ਵਿੱਚ ਹੀ ਬੱਚਿਆਂ ਨੂੰ ਐਨਕਾਂ ਲੱਗ ਰਹੀਆਂ ਹਨ। ਇਸ ਗੰਭੀਰ ਸਮੱਸਿਆ ਨੂੰ ਦੇਖਦੇ ਹੋਏ ਸਕੂਲ ਪ੍ਰਬੰਧਕਾਂ ਵੱਲੋਂ ਸਮੇਂ ਸਿਰ ਕੀਤਾ ਗਿਆ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਅਤੇ ਬੱਚਿਆਂ ਦੇ ਭਵਿੱਖ ਲਈ ਲਾਹੇਵੰਦ ਸਿੱਧ ਹੋਇਆ। ਇਸ ਕੈਂਪ ਵਿੱਚ ਅੱਖਾਂ ਦੇ ਪ੍ਰਸਿੱਧ ਮਾਹਿਰ ਡਾ. ਕਰਨ ਸਾਰਵਾਲ (ਐਮ.ਐਸ. ਆਈ, ਕਿਰਨ ਆਈ ਕੇਅਰ, ਸਾਬਕਾ ਸਰਜਨ, ਜਲਾਲ) ਨੇ ਆਪਣੀ ਪੂਰੀ ਪੈਰਾ-ਮੈਡੀਕਲ ਟੀਮ ਸਮੇਤ ਪਹੁੰਚ ਕੇ ਮਿਸਾਲੀ ਸੇਵਾਵਾਂ ਦਿੱਤੀਆਂ। ਡਾਕਟਰੀ ਟੀਮ ਵੱਲੋਂ ਮਰੀਜ਼ਾਂ ਦੀ ਨਜ਼ਰ ਦੇ ਨੰਬਰ ਚੈੱਕ ਕਰਨ ਦੇ ਨਾਲ-ਨਾਲ ਅੱਖਾਂ ਦੀ ਸਹੀ ਦੇਖਭਾਲ, ਹਰੀਆਂ ਸਬਜ਼ੀਆਂ ਤੇ ਪੌਸ਼ਟਿਕ ਖ਼ੁਰਾਕ ਦੀ ਮਹੱਤਤਾ ਅਤੇ ਸਕਰੀਨ ਟਾਈਮ (ਮੋਬਾਈਲ ਦੇਖਣ ਦਾ ਸਮਾਂ) ਨੂੰ ਸੀਮਤ ਕਰਨ ਸਬੰਧੀ ਬਹੁਤ ਹੀ ਮਹੱਤਵਪੂਰਨ ਨੁਕਤੇ ਸਾਂਝੇ ਕੀਤੇ। ਕੈਂਪ ਦਾ ਮੁੱਖ ਆਕਰਸ਼ਣ ਮਾਹਿਰਾਂ ਵੱਲੋਂ 'ਐਨਕਾਂ ਤੋਂ ਮੁਕਤੀ' ਪਾਉਣ ਲਈ ਉਪਲਬਧ ਨਵੀਨਤਮ ਆਧੁਨਿਕ ਤਕਨੀਕਾਂ ਬਾਰੇ ਦਿੱਤੀ ਗਈ ਵਿਸ਼ੇਸ਼ ਜਾਣਕਾਰੀ ਰਿਹਾ। ਕੈਂਪ ਨੂੰ ਯੋਜਨਾਬੱਧ ਤਰੀਕੇ ਨਾਲ ਨੇਪਰੇ ਚਾੜ੍ਹਨ ਅਤੇ ਹਜ਼ਾਰਾਂ ਬੱਚਿਆਂ ਦੇ ਸੁਚੱਜੇ ਚੈਕਅੱਪ ਲਈ ਸਕੂਲ ਸਟਾਫ਼ ਦਾ ਪ੍ਰਬੰਧ ਬਹੁਤ ਹੀ ਸ਼ਾਨਦਾਰ ਰਿਹਾ। ਖ਼ਾਸ ਕਰਕੇ ਸਕੂਲ ਦੇ ਅਧਿਆਪਕ ਜੁਗਨਵੀਰ ਸਿੰਘ ਅਤੇ ਸਿਮਰਜੀਤ ਸਿੰਘ ਵੱਲੋਂ ਪੂਰੀ ਤਨਦੇਹੀ, ਅਨੁਸ਼ਾਸਨ ਅਤੇ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਈ ਗਈ। ਉਨ੍ਹਾਂ ਦੇ ਬਿਹਤਰੀਨ ਪ੍ਰਬੰਧਾਂ ਸਦਕਾ ਹੀ ਸਾਰੇ ਵਿਦਿਆਰਥੀਆਂ ਦਾ ਚੈਕਅੱਪ ਬਿਨਾਂ ਕਿਸੇ ਪਰੇਸ਼ਾਨੀ ਦੇ ਬਹੁਤ ਹੀ ਸ਼ਾਂਤੀਪੂਰਵਕ ਮਾਹੌਲ ਵਿੱਚ ਸੰਪੰਨ ਹੋਇਆ। ਕੈਂਪ ਦੀ ਸਫ਼ਲਤਾ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਪ੍ਰਿੰਸੀਪਲ ਮਨਜੋਤ ਕੌਰ ਨੇ ਕਿਹਾ ਕਿ ਸੰਸਥਾ ਦਾ ਮਕਸਦ ਸਿਰਫ਼ ਵਿਦਿਆਰਥੀਆਂ ਨੂੰ ਕਿਤਾਬੀ ਗਿਆਨ ਦੇਣਾ ਹੀ ਨਹੀਂ, ਬਲਕਿ ਉਨ੍ਹਾਂ ਦੀ ਚੰਗੀ ਸਿਹਤ ਅਤੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣਾ ਵੀ ਹੈ। ਇਸੇ ਉਦੇਸ਼ ਤਹਿਤ ਅਸੀਂ ਇਹ ਕੈਂਪ ਲਗਾਇਆ ਹੈ ਤਾਂ ਜੋ ਸਮੇਂ ਸਿਰ ਬੱਚਿਆਂ ਦੀਆਂ ਅੱਖਾਂ ਦੀ ਜਾਂਚ ਹੋ ਸਕੇ। ਇਸ ਮੌਕੇ ਅਕੈਡਮਿਕ ਡਾਇਰੈਕਟਰ ਇੰਦਰਜੀਤ ਕੌਰ ਅਤੇ ਹੈਡ ਕਲਰਕ ਕਮਲਜੀਤ ਸਿੰਘ ਵੱਲੋਂ ਮਾਨਵਤਾ ਭਲਾਈ ਦੇ ਇਸ ਕਾਰਜ ਲਈ ਆਈ ਹੋਈ ਡਾਕਟਰੀ ਟੀਮ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਕੂਲ ਮੈਨੇਜਮੈਂਟ ਵੱਲੋਂ ਡਾ. ਕਰਨ ਸਾਰਵਾਲ ਅਤੇ ਉਨ੍ਹਾਂ ਦੀ ਪੂਰੀ ਟੀਮ ਨੂੰ ਵਿਸ਼ੇਸ਼ ਤੌਰ 'ਤੇ ਯਾਦਗਾਰੀ ਚਿੰਨ੍ਹ (ਸਨਮਾਨ ਚਿੰਨ੍ਹ) ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਦੇ ਚੇਅਰਮੈਨ ਮਹਿੰਦਰ ਸਿੰਘ ਭੋਲਾ ਨੇ ਕਿਹਾ ਕਿ ਸੰਸਥਾ ਭਵਿੱਖ ਵਿੱਚ ਵੀ ਬੱਚਿਆਂ ਦੇ ਸਰਵਪੱਖੀ ਵਿਕਾਸ, ਚੰਗੀ ਸਿਹਤ ਅਤੇ ਸਮਾਜ ਸੇਵਾ ਲਈ ਅਜਿਹੇ ਸਾਂਝੇ ਉਪਰਾਲੇ ਅਤੇ ਮੁਫ਼ਤ ਮੈਡੀਕਲ ਕੈਂਪ ਲਗਾਉਂਦੀ ਰਹੇਗੀ।

**☛ ਦੂਜੀ ਤੋਂ 11ਵੀਂ ਜਮਾਤ ਦੇ ਵਿਦਿਆਰਥੀਆਂ ਨੇ ਲਿਆ ਲਾਹਾ ☛ ਮੋਬਾਇਲ ਤੇ ਸਕਰੀਨ ਦੇ ਵੱਧਦੇ ਪ੍ਰਭਾਵ ਦੌਰਾਨ ਸਕੂਲ ਪ੍ਰਬੰਧਕਾਂ ਦਾ ਮਿਸਾਲੀ ਉਪਰਾਲਾ ☛ ਸਕੂਲ ਮੈਨੇਜਮੈਂਟ ਵੱਲੋਂ ਡਾ. ਕਰਨ ਸਾਰਵਾਲ ਅਤੇ ਡਾਕਟਰੀ ਟੀਮ ਦਾ ਵਿਸ਼ੇਸ਼ ਸਨਮਾਨ**

# ਭਾਈ ਮਰਦਾਨਾ ਸੁਸਾਇਟੀ ਨੇ ਪੰਜਾਬ ਸਰਕਾਰ ਕੋਲ ਲਾਈ ਸਫਾਈ ਕਰਮਚਾਰੀਆਂ ਨੂੰ ਪੱਕਾ ਕਰਨ ਦੀ ਅਪੀਲ—ਜਗਜੀਤ ਸਿੰਘ ਭੁੱਲਰ



ਫ਼ਿਰੋਜ਼ਪੁਰ, 22 ਮਈ (ਮਨੋਹਰ ਲਾਲ) :— ਇੰਟਰਨੈਸ਼ਨਲ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਵੱਲੋਂ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਕਿ ਸਫਾਈ ਕਰਮਚਾਰੀਆਂ ਨੂੰ ਪੱਕੇ ਤੌਰ ਤੇ ਨੌਕਰੀਆਂ ਉੱਪਰ ਰੱਖਿਆ ਜਾਵੇ। ਇਹ ਵਿਚਾਰ ਸਾਂਝੇ ਕਰਦਿਆਂ ਸੋਸਾਇਟੀ ਪ੍ਰਧਾਨ ਜਗਜੀਤ ਸਿੰਘ ਭੁੱਲਰ ਨੇ ਕਿਹਾ ਕਿ ਸਫਾਈ ਕਰਮਚਾਰੀ ਬਹੁਤ ਹੀ ਮਿਹਨਤ ਨਾਲ ਆਪਣਾ ਕੰਮ ਕਰਦੇ ਹਨ ਲੋਕਾਂ ਦੇ ਘਰਾਂ ਵਿੱਚੋਂ ਕੂੜਾ ਚੱਕਣਾ, ਬੰਦ ਸੀਵਰੇਜ ਚਲਾਉਣੇ, ਸਵੇਰੇ ਸਵੇਰੇ ਸੜਕਾਂ ਦੀ ਸਫਾਈ ਕਰਨੀ, ਸਾਰੇ ਸ਼ਹਿਰ ਦਾ ਕੂੜਾ ਚੱਕ ਕੇ ਬਾਹਰ ਸੁੱਟਣਾ ਇਹ ਸਾਰੇ ਕੰਮ ਸਫਾਈ ਕਰਮਚਾਰੀ ਹੀ ਕਰਦੇ ਹਨ ਜਿਨਾਂ ਨੂੰ ਬਹੁਤ ਘੱਟ ਤਨਖਾਹਾਂ ਉੱਪਰ ਰੱਖਿਆ ਜਾਂਦਾ ਹੈ ਜਾਂ ਠੇਕੇ ਤੇ ਰੱਖਿਆ ਜਾਂਦਾ ਹੈ। ਅਸੀਂ ਪੰਜਾਬ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਇਨ੍ਹਾਂ ਕਰਮਚਾਰੀਆਂ ਨੂੰ ਨੌਕਰੀ ਉੱਪਰ ਪੱਕੇ ਤੌਰ ਤੇ ਰੱਖਿਆ ਜਾਵੇ ਤੇ ਇਨ੍ਹਾਂ ਦੀ ਤਨਖਾਹ ਇਨ੍ਹਾਂ ਦੇ ਖਾਤਿਆਂ ਵਿੱਚ ਪਾਈ ਜਾਵੇ। ਇਸ ਮੌਕੇ ਹਰਜੀਤ ਸਿੰਘ ਧਾਲੀਵਾਲ, ਦਰਸ਼ਨ ਲਾਲ ਹੀਰਾ, ਮਨੋਹਰ ਲਾਲ, ਰਜੇਸ਼ ਕੁਮਾਰ ਕਾਲੀ, ਇੰਦਰਪਾਲ ਸਿੰਘ ਪ੍ਰਿੰਸ ਨਿਰਮਲ ਸਿੰਘ, ਪਰਮਜੀਤ ਸਿੰਘ ਪੰਮਾ, ਰਣਵੀਰ ਸਿੰਘ ਰਾਣਾ, ਬਲਜਿੰਦਰ ਸਿੰਘ ਬੱਬੂ ਹੁਸੈਨੀ ਵਾਲਾ, ਹਰਦੀਪ ਸਿੰਘ ਰਜੀਵਾਲਾ, ਗੁਰਮੀਤ ਸਿੰਘ ਔਲਕ ਆਦਿ ਹਾਜ਼ਰ ਸਨ।

# ਓਐਸਡੀ ਸੁਖਵੀਰ ਸਿੰਘ ਸੁੱਖੀ ਨੇ ਕੀਤਾ ਆਪ ਦੇ ਵਾਰਡ ਨੰ 8 ਤੋਂ ਉਮੀਦਵਾਰ ਬੀਰ ਭਾਨ ਦੇ ਹੱਕ ਵਿੱਚ ਕੀਤਾ ਚੋਣ ਪ੍ਰਚਾਰ



**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਤੋਂ ਕਿ ਖੁਸ਼ ਹੋ ਕੇ ਧੂਰੀ ਦੇ ਵਾਸੀ ਆਮ ਆਦਮੀ ਪਾਰਟੀ ਦੇ 21 ਵਾਰਡਾਂ ਵਿੱਚ ਚੋਣ ਲੜ ਰਹੇ ਉਮੀਦਵਾਰਾਂ ਨੂੰ ਵੱਡੇ ਮਾਰਜਨ ਨਾਲ ਜਿਤਾਕੇ ਇਤਿਹਾਸ ਬਣਾਉਣਗੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਓਐਸਡੀ ਸੁਖਵੀਰ ਸਿੰਘ ਸੁੱਖੀ ਨੇ ਵਾਰਡ ਨੰਬਰ 8 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਬੀਰ ਭਾਨ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦਿਆਂ ਕੀਤਾ । ਉਨ੍ਹਾਂ ਕਿਹਾ ਕਿ ਆਉਣ ਵਾਲੀ 26 ਮਈ ਨੂੰ ਇਕ ਇਕ ਵੋਟ ਝਾੜੂ ਦੇ ਨਿਸਾਨ 'ਤੇ ਮੋਹਰਾਂ ਲਾ ਕੇ ਆਪ ਦੇ ਉਮੀਦਵਾਰ ਬੀਰ ਭਾਨ ਨੂੰ ਕਾਮਯਾਬ ਬਣਾਓ। ਇਸ ਮੌਕੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਚੇਅਰਮੈਨ ਬਲਾਕ ਸੰਮਤੀ ਰਣਯੋਧ ਸਿੰਘ ਕਾਂਝਲਾ , ਚੇਅਰਮੈਨ ਰਛਪਾਲ ਸਿੰਘ ਭੁੱਲਰ, ਸਤਿਨਾਮ ਸਿੰਘ ਢਢੋਗਲ ਵਾਈਸ ਚੇਅਰਮੈਨ ਬਲਾਕ ਸੰਮਤੀ ਧੂਰੀ, ਗਗਨ ਜਵੰਦਾ ਪ੍ਰਧਾਨ ਟਰੱਕ ਯੂਨੀਅਨ ਧੂਰੀ, ਹਰਪ੍ਰੀਤ ਸਿੰਘ ਗਿੱਲ, ਜਸਵੀਰ ਸਿੰਘ ਜੱਜ ਐਮਸੀ, ਮਾਣਾ ਗਰੇਵਾਲ, ਭਿੰਦਾ ਵਿਰਕ, ਸੁਰਜੀਤ ਸਿੰਘ ਰਾਜੋਮਾਜਰਾ, ਸਰਪੰਚ ਹਰਜੀਤ ਸਿੰਘ ਬੁਗਰਾ, ਭੋਲਾ ਧੂਰੀ, ਗੋਬਿੰਦਾ ਧੂਰੀ, ਸਰਪੰਚ ਸਿਮਰਨਜੀਤ ਸਿੰਘ ਬਟੂਹਾਂ, ਮਨਪ੍ਰੀਤ ਸਿੰਘ ਰਾਜੋਮਾਜਰਾ ਹਾਜ਼ਰ ਸਨ।

# ਹਰਿਆਣਾ ਨਗਰ ਕੌਂਸਲ ਦੇ ਪੋਲਿੰਗ ਬੂਥਾਂ ਦੀ ਸੋਧੀ ਹੋਈ ਸੂਚੀ ਰਾਜ ਚੋਣ ਕਮਿਸ਼ਨ ਨੂੰ ਭੇਜੀ

**ਹੁਸ਼ਿਆਰਪੁਰ, 22 ਮਈ (ਆਵਾਜ਼ਿ ਕੌਮ ਬਿਊਰੋ)**-ਵਧੀਕ ਡਿਪਟੀ ਕਮਿਸ਼ਨਰ ( ਵਿਕਾਸ)-ਕਮ-ਵਧੀਕ ਜ਼ਿਲ੍ਹਾ ਚੋਣ ਅਫਸਰ ਨਿਕਾਸ ਕੁਮਾਰ ਨੇ ਦੱਸਿਆ ਕਿ ਨਗਰ ਕੌਂਸਲ ਚੋਣਾਂ ਦੇ ਤਹਿਤ ਹਰਿਆਣਾ ਨਗਰ ਕੌਂਸਲ ਦੇ ਪੋਲਿੰਗ ਬੂਥਾਂ ਦੇ ਨੰਬਰਾਂ ਵਿੱਚ ਸੋਧ ਦਾ ਪ੍ਰਸਤਾਵ ਮਨਜ਼ੂਰੀ ਲਈ ਰਾਜ ਚੋਣ ਕਮਿਸ਼ਨ ਨੂੰ ਭੇਜਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਸੋਧੀ ਹੋਈ ਸੂਚੀ ਅਨੁਸਾਰ ਹਰਿਆਣਾ ਨਗਰ ਕੌਂਸਲ ਵਿੱਚ ਕੁੱਲ 4 ਥਾਵਾਂ 'ਤੇ ਪੋਲਿੰਗ ਬੂਥ ਸਥਾਪਿਤ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 2 ਸੰਵੇਦਨਸ਼ੀਲ ਅਤੇ 2 ਗੈਰ-ਸੰਵੇਦਨਸ਼ੀਲ ਥਾਵਾਂ ਸ਼ਾਮਲ ਹਨ। ਵਧੀਕ ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਸੰਵੇਦਨਸ਼ੀਲ ਥਾਵਾਂ ਵਿੱਚ ਡੀ.ਏ.ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਹਰਿਆਣਾ ਵਿੱਚ ਪੋਲਿੰਗ ਬੂਥ ਨੰਬਰ 1, 12, 9 ਅਤੇ 11 ਸ਼ਾਮਲ ਹਨ। ਇਸੇ ਤਰ੍ਹਾਂ ਜੀ.ਜੀ.ਐਸ.ਡੀ. ਕਾਲਜ ਹਰਿਆਣਾ ਵਿੱਚ ਬੂਥ ਨੰਬਰ 3, 4, 6 ਅਤੇ 7 ਨੂੰ ਸੰਵੇਦਨਸ਼ੀਲ ਬੂਥਾਂ ਵਿੱਚ ਸ਼ਾਮਲ ਕੀਤਾ ਗਿਆ ਹੈ। ਗੈਰ-ਸੰਵੇਦਨਸ਼ੀਲ ਬੂਥਾਂ ਵਿੱਚ ਐਮ.ਸੀ. ਹਰਿਆਣਾ ਵਿੱਚ ਬੂਥ ਨੰਬਰ 2 ਅਤੇ 8 ਅਤੇ ਦਯਾਨੰਦ ਪਬਲਿਕ ਸਕੂਲ ਹਰਿਆਣਾ ਵਿੱਚ ਬੂਥ ਨੰਬਰ 5 ਅਤੇ 10 ਸ਼ਾਮਲ ਹਨ। ਨਿਕਾਸ ਕੁਮਾਰ ਨੇ ਦੱਸਿਆ ਕਿ ਨਗਰ ਕੌਂਸਲ ਹਰਿਆਣਾ ਦੀ ਚੋਣ ਪ੍ਰਕਿਰਿਆ ਨੂੰ ਨਿਰਪੱਖ, ਪਾਰਦਰਸ਼ੀ ਅਤੇ ਸੁਚਾਰੂ ਢੰਗ ਨਾਲ ਚਲਾਉਣ ਦੇ ਉਦੇਸ਼ ਨਾਲ ਸੋਧੀ ਹੋਈ ਸੂਚੀ ਅਨੁਸਾਰ ਪੋਲਿੰਗ ਬੂਥਾਂ ਦਾ ਪ੍ਰਸਤਾਵ ਮਨਜ਼ੂਰੀ ਲਈ ਭੇਜਿਆ ਗਿਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਦਮਦਮੀ ਟਕਸਾਲ ਜੱਥਾ ਭਿੰਡਰਾਂ ਮਹਿਤਾ ਵੱਲੋਂ
## ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਅਤੇ ਜੂਨ 1984 (ਘੱਲੂਘਾਰੇ) ਦੇ ਸਮੂਹ ਸ਼ਹੀਦਾਂ ਦੀ 42ਵੀਂ ਸ਼ਹੀਦੀ ਵਰ੍ਹੇਗੰਢ ਨੂੰ ਸਮਰਪਿਤ





# ਸ਼ਬਦ ਕੀਰਤਨ ਅਤੇ ਕਥਾ ਸਮਾਗਮ

## 1 ਮਈ ਤੋਂ 31 ਮਈ 2026 ਤੱਕ

ਰੋਜ਼ਾਨਾ ਸ਼ਾਮ 6 ਤੋਂ 8 ਵਜੇ ਤੱਕ

ਆਵਾਜ਼ਿ ਕੌਮ AWAZE QAUM International Newspaper & WEB TV

ਮਹਿਤਾ ਚੌਂਕ ਤੇ ਆਸ ਪਾਸ ਦੇ ਪਿੰਡਾਂ ਵਿੱਚ ਆਯੋਜਿਤ ਕੀਤੇ ਜਾ ਰਹੇ ਹਨ। ਜਿਸ ਵਿੱਚ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ 'ਭਿੰਡਰਾਂਵਾਲੇ' ਸ਼ਬਦ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

| | | | | |
|---|---|---|---|---|
| 1 ਮਈ ਸ਼ੁੱਕਰਵਾਰ — ਜਬੋਵਾਲ — ਸ਼ਾਮ 6 ਤੋਂ 8 ਵਜੇ ਤੱਕ | 2 ਮਈ ਸ਼ਨੀਵਾਰ — ਹਯਾਤ (ਗੁਰਦਾਸਪੁਰ) — ਸ਼ਾਮ 6 ਤੋਂ 8 ਵਜੇ ਤੱਕ | 3 ਮਈ ਐਤਵਾਰ — ਗੁ: ਸੰਗਤਪੁਰਾ ਬਥਵਾਲਾ ਗੁਰਦਾਸਪੁਰ — ਸ਼ਾਮ 6 ਤੋਂ 8 ਵਜੇ ਤੱਕ | 4 ਮਈ ਸੋਮਵਾਰ — ਕਾਹਲਵਾਂ — ਸ਼ਾਮ 6 ਤੋਂ 8 ਵਜੇ ਤੱਕ | 5 ਮਈ ਮੰਗਲਵਾਰ — ਗੁ: ਭਗਤਾਂ ਦਾ ਡੇਰਾ ਤਰਸਿੱਕਾ ਸਵੇਰੇ 12 ਤੋਂ 2 ਵਜੇ ਤੱਕ / ਨਿੱਕੇ ਘੁੰਮਣ ਸ਼ਾਮ 6 ਤੋਂ 8 ਵਜੇ ਤੱਕ |
| 6 ਮਈ ਬੁੱਧਵਾਰ — ਚੋਣੇ — ਸ਼ਾਮ 6 ਤੋਂ 8 ਵਜੇ ਤੱਕ | 7 ਮਈ ਵੀਰਵਾਰ — ਮੁਰਾਦਪੁਰ — ਸ਼ਾਮ 6 ਤੋਂ 8 ਵਜੇ ਤੱਕ | 8 ਮਈ ਸ਼ੁੱਕਰਵਾਰ — ਚੂੰਗ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇੰਟਰਨੈਸ਼ਨਲ ਪਬਲਿਕ ਸਕੂਲ) — ਸ਼ਾਮ 6 ਤੋਂ 8 ਵਜੇ ਤੱਕ | 9 ਮਈ ਸ਼ਨੀਵਾਰ — ਅਬਦਾਲ ਗੁ: ਸੰਤ ਬਾਬਾ ਅੱਲ੍ਹਾ ਸਿੰਘ ਜੀ — ਸ਼ਾਮ 6 ਤੋਂ 8 ਵਜੇ ਤੱਕ | 10 ਮਈ ਐਤਵਾਰ — ਗੁਰੂ ਕੀ ਬੇਰ ਸਾਹਿਬ ਮੱਤੇਵਾਲ — ਸ਼ਾਮ 6 ਤੋਂ 8 ਵਜੇ ਤੱਕ |
| 11 ਮਈ ਸੋਮਵਾਰ — ਲੀਲ ਕਲਾਂ — ਸ਼ਾਮ 6 ਤੋਂ 8 ਵਜੇ ਤੱਕ | 12 ਮਈ ਮੰਗਲਵਾਰ — ਭਲਾਈਪੁਰ ਪੁਰਬਾਂ — ਸ਼ਾਮ 6 ਤੋਂ 8 ਵਜੇ ਤੱਕ | 13 ਮਈ ਬੁੱਧਵਾਰ — ਖਲੈਹਿਰਾ — ਸ਼ਾਮ 6 ਤੋਂ 8 ਵਜੇ ਤੱਕ | 14 ਮਈ ਵੀਰਵਾਰ — ਜਫਰਵਾਲ — ਸ਼ਾਮ 6 ਤੋਂ 8 ਵਜੇ ਤੱਕ | 15 ਮਈ ਸ਼ੁੱਕਰਵਾਰ — ਲਾਲਪੁਰਾ (ਗੁਰਦਾਸਪੁਰ) — ਸ਼ਾਮ 6 ਤੋਂ 8 ਵਜੇ ਤੱਕ |
| 16 ਮਈ ਸ਼ਨੀਵਾਰ — ਗੁ: ਸਿੰਘ ਸਭਾ (ਸ਼ਾਸਤਰੀ ਨਗਰ ਕਾਹਨੂੰਵਾਲ ਰੋਡ, ਬਟਾਲਾ) — ਸ਼ਾਮ 6 ਤੋਂ 8 ਵਜੇ ਤੱਕ | 17 ਮਈ ਐਤਵਾਰ — ਗੜ੍ਹੀ ਗੁਰਦਾਸ ਨੰਗਲ ਗੁ: ਗ੍ਰਿਫ਼ਤਾਰੀ ਸਾਹਿਬ — ਸ਼ਾਮ 6 ਤੋਂ 8 ਵਜੇ ਤੱਕ | 18 ਮਈ ਸੋਮਵਾਰ — ਝਲਾੜੀ — ਸ਼ਾਮ 6 ਤੋਂ 8 ਵਜੇ ਤੱਕ | 19 ਮਈ ਮੰਗਲਵਾਰ — ਗੱਗੜਭਾਣਾ — ਸ਼ਾਮ 6 ਤੋਂ 8 ਵਜੇ ਤੱਕ | 20 ਮਈ ਬੁੱਧਵਾਰ — ਧਰਦਿਓ — ਸ਼ਾਮ 6 ਤੋਂ 8 ਵਜੇ ਤੱਕ |
| 21 ਮਈ ਵੀਰਵਾਰ — ਵੀਲਾ / ਮੀਕੇ — ਸ਼ਾਮ 6 ਤੋਂ 8 ਵਜੇ ਤੱਕ | 22 ਮਈ ਸ਼ੁੱਕਰਵਾਰ — ਸਿਆਲਕਾ — ਸ਼ਾਮ 6 ਤੋਂ 8 ਵਜੇ ਤੱਕ | 23 ਮਈ ਸ਼ਨੀਵਾਰ — ਖੱਬੇਰਾਜਪੂਤਾਂ — ਸ਼ਾਮ 6 ਤੋਂ 8 ਵਜੇ ਤੱਕ | 24 ਮਈ ਐਤਵਾਰ — ਜਲਾਲ ਉਸਮਾਂ — ਸ਼ਾਮ 6 ਤੋਂ 8 ਵਜੇ ਤੱਕ | 25 ਮਈ ਸੋਮਵਾਰ — ਸਹਾਇਪੁਰ — ਸ਼ਾਮ 6 ਤੋਂ 8 ਵਜੇ ਤੱਕ |

| | | | | | |
|---|---|---|---|---|---|
| 26 ਮਈ ਮੰਗਲਵਾਰ — ਜੇਠੂਵਾਲ — ਸ਼ਾਮ 6 ਤੋਂ 8 ਵਜੇ ਤੱਕ | 27 ਮਈ ਬੁੱਧਵਾਰ — ਬੁਤਾਲਾ (ਨਿਪਸ ਸਕੂਲ) — ਸ਼ਾਮ 6 ਤੋਂ 8 ਵਜੇ ਤੱਕ | 28 ਮਈ ਵੀਰਵਾਰ — ਗੁ: ਰਾਮ ਥੰਮਣ — ਸ਼ਾਮ 6 ਤੋਂ 8 ਵਜੇ ਤੱਕ | 29 ਮਈ ਸ਼ੁੱਕਰਵਾਰ — ਸਠਿਆਲਾ — ਸ਼ਾਮ 6 ਤੋਂ 8 ਵਜੇ ਤੱਕ | 30 ਮਈ ਸ਼ਨੀਵਾਰ — ਮਹਿਸਮਪੁਰ (ਬਾਬਾ ਦੀਪ ਸਿੰਘ ਸਕੂਲ) — ਸ਼ਾਮ 6 ਤੋਂ 8 ਵਜੇ ਤੱਕ | 31 ਮਈ ਐਤਵਾਰ — ਮਹਿਤਾ ਚੌਂਕ — ਸ਼ਾਮ 6 ਤੋਂ 8 ਵਜੇ ਤੱਕ |

1-2-3-4-5 ਜੂਨ 2026 ਰੋਜ਼ਾਨਾ ਸ਼ਾਮ 4.00 ਤੋਂ 6.00 ਵਜੇ ਤੱਕ ਦਮਦਮੀ ਟਕਸਾਲ ਦੇ ਹੈਡਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਂਕ ਮਹਿਤਾ ਵਿਖੇ ਕਥਾ ਕੀਰਤਨ ਦਾ ਨਿਰੰਤਰ ਪ੍ਰਵਾਹ ਚੱਲੇਗਾ।

ਸੰਗਤਾਂ ਨੂੰ ਬੇਨਤੀ ਹੈ ਕਿ 6 ਜੂਨ 2026, ਸ਼ਨੀਵਾਰ ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਂਕ ਮਹਿਤਾ ਵਿਖੇ ਪਹੁੰਚੋ ਜੀ

ਪ੍ਰੋਫੈਸ਼ਨਲ ਕਾਲਜ ਆਫ ਗੁਰਮਤਿ ਦਮਦਮੀ ਟਕਸਾਲ ਵਿਖੇ 9ਵੀਂ, 10ਵੀਂ, +1 +2, ਬੀ.ਏ., ਐੱਮ.ਏ. ਦਾਖਲੇ ਸ਼ੁਰੂ ਹਨ ਫਰੀ ਵਿੱਦਿਆ ਪ੍ਰਾਪਤ ਕਰੋ

**ਸੰਪਰਕ: 99158-00904, 97793-10040, 98158-14158, 84376-91626**

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

**ਵਾਰਡ ਨੰਬਰ 4 ਤੋਂ ਡਾ ਕਮਲਜੀਤ ਕੌਰ ਨੂੰ ਮਿਲ ਰਿਹਾ ਭਰਵਾਂ ਹੁੰਗਾਰਾ**

# ਸ਼ਹਿਰ ਚ ਹੋਏ ਬੇਮਿਸਾਲ ਵਿਕਾਸ ਤੋਂ ਪ੍ਰਭਾਵਿਤ ਹੋਕੇ ਵੋਟਰ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਭੁਗਤਣਗੇ ਸ੍ਰ ਈ.ਟੀ.ਓ

**ਜੰਡਿਆਲਾ ਗੁਰੂ 22 ਮਈ ( ਕੁਲਵੰਤ ਸਿੰਘ ਵਿਰਦੀ )**-ਜੰਡਿਆਲਾ ਗੁਰੂ 15 ਵਾਰਡਾਂ ਦੀਆਂ ਚੋਣਾਂ ਲਈ ਮੈਦਾਨ ਪੂਰੀ ਤਰ੍ਹਾਂ ਭੱਖ ਚੁੱਕਾ ਹੈ । ਵੱਖ ਵੱਖ ਸਿਆਸੀ ਪਾਰਟੀਆਂ ਵਲੋਂ ਵੋਟਰਾਂ ਦੇ ਘਰਾਂ ਵਿੱਚ ਦਸਤਕ ਦਿੱਤੀ ਜਾ ਰਹੀ ਹੈ ਅਤਿ ਦੀ ਗਰਮੀ ਹੋਣ ਦੇ ਬਾਵਜੂਦ ਵੀ ਉਮੀਦਵਾਰਾਂ ਵਲੋਂ ਡੋਰ ਟੂ ਡੋਰ ਪਰਚਾਰ ਕੀਤਾ ਜਾ ਰਿਹਾ ਹੈ ।ਆਮ ਆਦਮੀ ਪਾਰਟੀ ਵਾਰਡ ਨੰਬਰ 9 ਅਤੇ 6 ਤੋਂ ਬਿਨਾਂ ਮੁਕਾਬਲਾ ਜੇਤੂ ਕਰਾਰ ਦਿਤੀ ਗਈ ਹੈ ।ਬੀਤੀ ਸ਼ਾਮ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਵਲੋ ਵਾਰਡ ਨੰਬਰ 4 ਤੋਂ ਉਮੀਦਵਾਰ ਡਾ ਕਮਲਜੀਤ ਕੌਰ ਪਤਨੀ ਭੁਪਿੰਦਰ ਸਿੰਘ ਹੈਪੀ ਸਾਬਕਾ ਕੌਂਸਲਰ ਦੇ ਹੱਕ ਵਿੱਚ ਘਰ ਘਰ ਜਾਕੇ ਪਰਚਾਰ ਕੀਤਾ ਗਿਆ । ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਸ਼ਹਿਰ ਵਿਚ ਹੋਏ ਬੇਮਿਸਾਲ ਵਿਕਾਸ ਤੋਂ ਪ੍ਰਭਾਵਿਤ ਹੋਕੇ ਵੋਟਰ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਭੁਗਤਣਗੇ ।ਓਹਨਾਂ ਕਿਹਾ ਕਿ ਵਾਰਡ ਨੰਬਰ 4 ਤੋਂ ਵੀ ਵੋਟਰਾਂ ਦਾ ਕਾਫੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ ਅਤੇ ਵਾਰਡ ਨੰਬਰ 4 ਸਮੇਤ ਸ਼ਹਿਰ ਦੀਆਂ ਸਾਰੀਆਂ 15 ਸੀਟਾਂ ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਿੱਤਣਗੇ ।ਓਹਨਾਂ ਕਿਹਾ ਕਿ ਡਾ ਕਮਲਜੀਤ ਕੌਰ ਦੇ ਪਤੀ ਭੁਪਿੰਦਰ ਸਿੰਘ ਹੈਪੀ ਪਹਿਲਾਂ ਵੀ ਇਸ ਵਾਰਡ ਤੋਂ ਚੋਣ ਜਿੱਤ ਚੁੱਕੇ ਹਨ ਅਤੇ ਇਸ ਵਾਰ ਵੀ ਉਹ ਵਾਰਡ ਦੇ ਮਨਪਸੰਦ ਲੀਡਰ ਬਣਕੇ ਉਭਰੇ ਹਨ । ਚੋਣ ਪ੍ਰਚਾਰ ਦੌਰਾਨ ਹੋਰਨਾਂ ਤੋਂ ਇਲਾਵਾ ਚੇਅਰਮੈਨ ਅਮਰੀਕ ਸਿੰਘ ਸੋਢੀ, ਮਨਜਿੰਦਰ ਸਿੰਘ ਭੀਰੀ ਗਹਿਰੀ ਮੰਡੀ, ਜਗਰੂਪ ਸਿੰਘ ਸਰਪੰਚ ਚੌਹਾਨ, ਚਾਚਾ ਦਰਸ਼ਨ ਸਿੰਘ ਆਦਿ ਮੌਜੂਦ ਸਨ।



# ਬਚਤ ਭਵਨ ਅੰਮ੍ਰਿਤਸਰ ਵਿਖੇ ਮੈਡਮ ਸਰਬਜੀਤ ਕੌਰ ਨੂੰ ਹਲਕੇ ਦੀ ਜਿੰਮੇਵਾਰੀ ਮਿਲਣ ਤੇ ਮਾਂਝਾ ਜੋਨ ਪ੍ਰਧਾਨ ਦੇ ਪ੍ਰਧਾਨ ਤੇ ਆਗੂਆਂ ਨੇ ਸਨਮਾਨਿਤ ਕੀਤਾ



**ਜੰਡਿਆਲਾ ਗੁਰੂ, 21 ਮਈ ( ਕੁਲਵੰਤ ਸਿੰਘ ਵਿਰਦੀ )**-ਬੀਤੇ ਦਿਨ ਆਮ ਆਦਮੀ ਪਾਰਟੀ ਦੀ ਹਾਈਕਮਾਂਡ ਵੱਲੋਂ ਹਲਕਾ ਜੰਡਿਆਲਾ ਦੇ ਸਹਿਰ ਜੰਡਿਆਲਾ ਗੁਰੂ ਤੋਂ ਮੈਡਮ ਸਰਬਜੀਤ ਕੌਰ ਨੂੰ ਹਲਕਾ ਜੰਡਿਆਲਾ ਦਾ ਸੋਸ਼ਲ ਮੀਡੀਆ ਵਾਈਸ ਕੁਆਰਡੀਨੇਟਰ ਐਲਾਨਿਆ ਗਿਆ ਅਤੇ ਇਸ ਜਿੰਮੇਵਾਰੀ ਦੀ ਲਿਸਟ ਜਾਰੀ ਹੁੰਦਿਆ ਹੀ ਸੋਸਲ ਮੀਡੀਆ ਦੇ ਪਲੇਟਫਾਰਮ ਦੇ ਮਾਧੀਅਮ ਰਾਹੀਂ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਖੁਸੀ ਸਾਂਝੀ ਕਰਦਿਆ ਮੈਡਮ ਸਰਬਜੀਤ ਕੌਰ ਨੂੰ ਮੁਬਾਰਕਬਾਦ ਦਿੱਤੀ ! ਇਸ ਸੰਬੰਧੀ ਵਧੇਰੇ ਜਾਣਕਾਰੀ ਸਾਂਝੀ ਕਰਦਿਆ ਹੋਇਆ ਮੈਡਮ ਸਰਬਜੀਤ ਕੌਰ ਨੇ ਕਿਹਾ ਕਿ ਅੱਜ ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ ਕਿ ਹਲਕੇ ਦੇ ਕੈਬਨਿਟ ਮੰਤਰੀ ਸ੍ਰ ਹਰਭਜਨ ਸਿੰਘ ਈ.ਟੀ.ਓ ਜੀ ਨੇ ਪਾਰਟੀ ਪ੍ਰਤੀ ਮੇਰੀ ਮਿਹਨਤ ਨੂੰ ਵੇਖਦਿਆਂ ਹੋਇਆ ਮੈਨੂੰ ਬਲਾਕ ਤੋਂ ਹਲਕੇ ਚ ਲਿਜਾ ਕਿ ਮੇਰੀ ਜ਼ਿੰਮੇਵਾਰੀ ਲਗਾਈ ਗਈ ਹੈ ! ਜਿਸ ਵਿੱਚ ਅੱਜ ਬਚਤ ਭਵਨ ਅੰਮ੍ਰਿਤਸਰ ਵਿਖੇ ਮੈਨੂੰ ਆਉਣ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਇਸ ਮੌਕੇ ਤੇ ਮੈਨੂੰ ਸੋਸ਼ਲ ਮੀਡੀਆ ਹਲਕਾ ਜੰਡਿਆਲਾ ਤੋਂ ਵਾਈਸ ਕੁਆਰਡੀਨੇਟਰ ਨਿਯੁਕਤ ਹੋਣ ਤੇ ਸ਼ੋਸ਼ਲ ਮੀਡੀਆ ਮਾਂਝਾ ਜੋਨ ਪ੍ਰਧਾਨ ਪ੍ਰੀਤ ਸਿੰਘ ਘਰਿਆਲੀ, ਜ਼ਿਲ੍ਹਾ ਪ੍ਰਧਾਨ ਦਲਜੀਤ ਸਿੰਘ, ਭਗਵੰਤ ਸਿੰਘ ਦਿਹਾਤੀ ਪ੍ਰਧਾਨ ਜੀ ਨੇ ਸਿਰੋਪਾਓ ਸਾਹਿਬ ਦੇ ਕੇ ਮੈਨੂੰ ਸਨਮਾਨਿਤ ਕੀਤਾ ਗਿਆ। ਅਤੇ ਮੈਂ ਸ਼ੋਸ਼ਲ ਮੀਡੀਆ ਮਾਂਝਾ ਜੋਨ ਪ੍ਰਧਾਨ ਪ੍ਰੀਤ ਸਿੰਘ ਘਰਿਆਲੀ ਨੂੰ ਵਿਸਵਾਸ਼ ਦਿਵਾਉਂਦੀ ਹਾਂ ਕਿ ਜਿਵੇਂ ਪਹਿਲਾਂ ਮੇਰੇ ਵੱਲੋਂ ਪਾਰਟੀ ਪ੍ਰਤੀ ਮਿਹਨਤ ਕੀਤੀ ਗਈ ਸੀ ਉਸੇ ਤਰ੍ਹਾਂ ਮੈਂ ਪਾਰਟੀ ਨੂੰ ਸਮਰਪਿਤ ਹੋ ਕਿ ਪਾਰਟੀ ਦੀ ਮਜਬੂਤੀ ਲਈ ਮਿਹਨਤ ਕਰਾਂਗੀ ! ਨਗਰ ਕੌਂਸਲ ਚੋਣਾਂ ਤੇ ਬੋਲਦਿਆਂ ਹੋਇਆ ਮੈਡਮ ਸਰਬਜੀਤ ਕੌਰ ਨੇ ਕਿਹਾ ਕਿ ਇਹ ਚੋਣਾਂ ਵਿਕਾਸ ਦੇ ਨਾ ਤੇ ਹਨ ਅਤੇ ਜੰਡਿਆਲਾ ਗੁਰੂ ਦੇ ਵਿਧਾਇਕ ਸ੍ਰ ਹਰਭਜਨ ਸਿੰਘ ਈ.ਟੀ.ਓ ਜੀ ਵੱਲੋਂ ਹਰੇਕ ਸ਼ਹਿਰ ਵਾਸੀ ਆਪਣੇ ਪ੍ਰੀਵਾਰ ਵਾਂਗ ਸਮਝਿਆ ਹੈ ਅਤੇ ਥੋੜ੍ਹੇ ਸਮੇਂ ਭਾਵ ਚਾਰ ਸਾਲ ਦੇ ਸਮੇਂ ਕਾਲ ਦੌਰਾਨ ਹਲਕੇ ਤੋਂ ਲੈ ਕੇ ਸਹਿਰ ਜੰਡਿਆਲਾ ਗੁਰੂ ਵਿੱਚ ਪਿਛਲੀਆਂ ਸਰਕਾਰਾਂ ਦੇ ਮੁਕਾਬਲੇ ਬੇਹੱਦ ਵਿਕਾਸ ਕੀਤਾ ਅਤੇ ਸਹਿਰ ਨੂੰ ਸੁੰਦਰ ਵੇਖਣ ਲਈ ਸੁੰਦਰ ਗੇਟ ਬਣਾਏ ਗਏ , ਸੜਕਾਂ ਦਾ ਜਾਲ, ਖੇਡ ਸਟੇਡੀਅਮ ਅਤੇ ਸਹਿਰ ਵਿੱਚ ਲਾਈਟਾਂ ਲਗਾਈਆਂ ਗਈਆਂ ਤਾਂ ਕਿ ਮੇਰੇ ਸਹਿਰ ਵਾਸੀਆਂ ਨੂੰ ਮੁਸਕਲਾਂ ਦਾ ਸਾਹਮਣਾ ਨਾ ਕਰਨਾ ਪਵੇ !




ਸੰਤ ਭਿੰਡਰਾਂਵਾਲਿਆਂ ਦਾ ਜਨਮ ਦਿਨ ਸਮਾਗਮ
ਵੱਡੇ ਪੱਧਰ ਤੇ ਮਨਾਇਆ ਜਾ ਰਿਹਾ ਹੈ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਗਮ 10 ਵਜੇ ਤੋਂ 3 ਵਜੇ ਤੱਕ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਪਹੁੰਚ ਰਹੀਆਂ ਪੰਥਕ ਸਖਸ਼ੀਅਤਾਂ ਅਤੇ ਸੰਤ ਮਹਾਪੁਰਸ਼
ਸੰਤ ਭਿੰਡਰਾਂਵਾਲੇ
ਸੰਤ ਬਾਬਾ ਬੱਗਾ ਸਿੰਘ ਜੀ ਨਾਨਕਸਰ ਕੁਟੀਆ ਵਿਰਕਾਂ ਵਾਲੇ
ਸੰਤ ਬਾਬਾ ਬੰਤ ਸਿੰਘ ਜੀ ਮਦਨਪੁਰ ਰਾਜਪੁਰੇ ਵਾਲੇ
ਬਾਬਾ ਭਿੰਦਾ ਜੀ ਕਾਰ ਸੇਵਾ ਆਲਮਗੀਰ ਵਾਲੇ
ਗਿਆਨੀ ਤੇਜਬੀਰ ਸਿੰਘ ਜੀ ਦਮਦਮੀ ਟਕਸਾਲ ਵਾਲੇ
ਗਿਆਨੀ ਕਰਨਬੀਰ ਸਿੰਘ ਜੀ ਦਮਦਮੀ ਟਕਸਾਲ ਵਾਲੇ
ਬਾਬਾ ਰਣਜੀਤ ਸਿੰਘ ਜੀ ਮੱਦੋਕੇ ਵਾਲੇ
ਸੰਤ ਬਾਬਾ ਇੰਦਰਪਾਲ ਸਿੰਘ ਜੀ ਦੇਵੀਵਾਲਾ ਵਾਲੇ
ਬਾਬਾ ਹਰਜਿੰਦਰ ਸਿੰਘ ਜੀ ਖਾਲਸਾ ਫਾਰਮ ਭੀਖੀ ਵਾਲੇ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਬਾਬਾ ਭੋਲਾ ਸਿੰਘ ਜੀ ਘੁਰਕਣੀ ਵਾਲੇ
ਬਾਬਾ ਬਲਕਾਰ ਸਿੰਘ ਜੀ ਘੋਲੀਏ ਵਾਲੇ
ਬਾਬਾ ਖੁਸ਼ਵੰਤ ਸਿੰਘ (ਰਾਜੂ ਜੀ) ਇਸ਼ਨਾਨ ਸੇਵਾ ਸ੍ਰੀ ਅਕਾਲ ਤਖਤ ਸਾਹਿਬ
ਸੰਤ ਬਾਬਾ ਇਕਬਾਲ ਸਿੰਘ ਜੀ ਤੁਗਲਵਾਲੇ
ਬਾਬਾ ਮਨਮੋਹਨਪ੍ਰੀਤ ਸਿੰਘ ਜੀ ਜੋਧਪੁਰ ਵਾਲੇ
ਭਾਈ ਗੁਰਪ੍ਰੀਤ ਸਿੰਘ ਜੀ ਹਜ਼ੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ
ਪੰਥ ਪ੍ਰਸਿੱਧ ਕਵੀਸ਼ਰੀ ਜਥਾ ਗਿਆਨੀ ਕੇਵਲ ਸਿੰਘ ਜੀ ਮਹਿਤਾ, ਕੋਮਲ ਸੋਹੀ ਭਰਾ
ਬੇਨਤੀ ਕਰਤਾ : ਸੰਤਾਂ ਦਾ ਸਮੂਹ ਪਰਿਵਾਰ, ਦਮਦਮੀ ਟਕਸਾਲ, ਨਗਰ ਪੰਚਾਇਤਾਂ ਅਤੇ ਇਲਾਕਾ ਨਿਵਾਸੀ-ਸੰਗਤਾਂ।
ਸੰਪਰਕ : 98140-29018, 97815-52538, 98140-13915
ਗੁਰੂ ਕੇ ਲੰਗਰ ਅਤੁੱਟ ਵਰਤਣਗੇ


ਸੰਤ ਭਿੰਡਰਾਂਵਾਲਿਆਂ ਦਾ ਜਨਮ ਦਿਨ ਸਮਾਗਮ
ਵੱਡੇ ਪੱਧਰ ਤੇ ਮਨਾਇਆ ਜਾ ਰਿਹਾ ਹੈ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਗਮ 10 ਵਜੇ ਤੋਂ 3 ਵਜੇ ਤੱਕ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਪਹੁੰਚ ਰਹੀਆਂ ਪੰਥਕ ਸਖਸ਼ੀਅਤਾਂ ਅਤੇ ਸੰਤ ਮਹਾਪੁਰਸ਼
ਸੰਤ ਭਿੰਡਰਾਂਵਾਲੇ
ਸੰਤ ਬਾਬਾ ਹਾਕਮ ਸਿੰਘ ਜੀ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ
ਸੰਤ ਬਾਬਾ ਸੁਖਵਿੰਦਰ ਸਿੰਘ ਜੀ ਸੰਪਰਦਾਇ ਕਾਰ ਸੇਵਾ ਭੂਰੀ ਵਾਲੇ
ਭਾਈ ਗੁਰਇਕਬਾਲ ਸਿੰਘ ਜੀ ਬੀਬੀ ਕੌਲਾਂ ਭਲਾਈ ਕੇਂਦਰ ਅੰਮ੍ਰਿਤਸਰ
ਸੰਤ ਬਾਬਾ ਸੁਰਜੀਤ ਸਿੰਘ ਕੈਰੋਂ ਪੱਟੀ ਵਾਲੇ
ਸੰਤ ਬਾਬਾ ਮੌਜ ਦਾਸ ਜੀ ਮਾੜੀ ਕੰਬੋਕੀ ਵਾਲੇ
ਸੰਤ ਬਾਬਾ ਬਲਵਿੰਦਰ ਸਿੰਘ ਜੀ ਮਾੜੀ ਕੰਬੋਕੀ ਵਾਲੇ
ਸੰਤ ਬਾਬਾ ਬਖਸ਼ੀਸ਼ ਸਿੰਘ ਜੀ ਚੱਕ ਮਰਹਾਣੇ ਵਾਲੇ
ਸੰਤ ਬਾਬਾ ਜਸਵੰਤ ਸਿੰਘ ਸੋਢੀ ਆਸਲ ਉਤਾੜ ਵਾਲੇ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਸੰਤ ਬਾਬਾ ਨਛੱਤਰ ਸਿੰਘ ਜੀ ਪ੍ਰਧਾਨ ਅਸਟਰੀਆ ਯੂਰਪ
ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਮੁੱਖ ਸਲਾਹਕਾਰ ਆਈ.ਪੀ.ਡੀ.
ਜਥੇਦਾਰ ਵਜ਼ੀਰ ਸਿੰਘ ਜੀ ਵਾਂ ਪ੍ਰਧਾਨ ਧਾਰਮਿਕ ਵਿੰਗ ਤਰਨ-ਤਾਰਨ
ਸੰਤ ਬਾਬਾ ਜੁਗਰਾਜ ਸਿੰਘ ਜੀ ਮੱਖੀ ਵਾਲੇ
ਬਾਬਾ ਗੁਰਸਾਹਿਬ ਸਿੰਘ ਜੀ ਵਰਨਾਲੇ ਵਾਲੇ
ਸੰਤ ਬਾਬਾ ਮੰਗਲ ਦਾਸ ਜੀ ਰਜੋਕੇ ਵਾਲੇ
ਸੰਤ ਬਾਬਾ ਅਮਰੀਕ ਸਿੰਘ ਖੁਖਰੈਣ ਵਾਲੇ
ਸੰਤ ਬਾਬਾ ਬਲਕਾਰ ਸਿੰਘ ਜੀ ਦਰਾਜਕੇ ਵਾਲੇ
ਬੇਨਤੀ ਕਰਤਾ : ਸੰਤਾਂ ਦਾ ਸਮੂਹ ਪਰਿਵਾਰ, ਦਮਦਮੀ ਟਕਸਾਲ, ਨਗਰ ਪੰਚਾਇਤਾਂ ਅਤੇ ਇਲਾਕਾ ਨਿਵਾਸੀ-ਸੰਗਤਾਂ।
ਸੰਪਰਕ : 98140-29018, 97815-52538, 98140-13915
ਗੁਰੂ ਕੇ ਲੰਗਰ ਅਤੁੱਟ ਵਰਤਣਗੇ